ੴ ਸਤਿਗੁਰ ਪ੍ਰਸਾਦਿ॥
ਵਾਹਿਗੁਰੂ ਜੀ ਕਾ ਖ਼ਾਲਸਾ! ਵਾਹਿਗੁਰੂ ਜੀ ਕੀ ਫ਼ਤੇਹ॥
ਪਰਮਪੂਜਨੀਕ ਧੰਨ ਵਾਹਿਗੁਰੂ ਜੁੱਗੋ ਜੁੱਗ ਅਟਲ

ਗੁਰਤਾ ਬਿਰਾਜਮਾਨ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਸ਼ੁੱਧ ਉਚਾਰਣ, ਅਰਥ ਪਾਠ ਵਿਸਰਾਮ ਪੋਥੀ,

ਸ੍ਰੀ ਦਮਦਮੀ ਟਕਸਾਲ।

ਧਰਨਿ ਗਗਨ ਨਵ ਖੰਡ ਮਹਿ; ਜੋਤਿ ਸ੍ਵਰੂਪੀ ਰਹਿਓ ਭਰਿ॥
ਭਨਿ ਮਥੁਰਾ. ਕਛੁ ਭੇਦੁ ਨਹੀ; ਗੁਰੁ ਅਰਜੁਨੁ ਪਰਤਖ੍ਹ ਹਰਿ॥

(ਤੱਤਕਰੇ ਲਈ ਫੋਟੋ 'ਤੇ ਕਲਿਕ ਕਰੋ ਜੀ)

ਧੰਨ ਹਨ ਧੰਨ ਹਨ ਪਰਮਪੂਜਨੀਕ ਸੱਚੇ ਸਤਿਗੁਰੂ ਵਾਹਿਗੁਰੂ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਧੰਨ ਹਨ!
ਹੁਣ ਉੱਬਲਦੀ ਦੇਗ਼'ਚ ਚੌਂਕੜਾ ਲਾ ਰਹੇ ਹਨ।ਹੁਣ ਮੱਚਦੇ ੨ ਰੇਤੇ 'ਤੇ ਬੈਠ ਰਹੇ ਹਨ,
ਹੁਣ ਮੱਚਦਾ ੨ ਰੇਤਾ ਆਪਣੇ ਪਰਮਪਵਿੱਤ੍ਰ ਪਰਮਪੂਜਨੀਕ ਸ਼ੁਭ ਸੱਚੇ ਸੁੱਚੇ ਉੱਚੇ
ਮਹਾਨ ਪਰਉਪਕਾਰੀ ਸੀਸ'ਤੇ ਹੁਣ ਪੁਆ ਰਹੇ ਹਨ,
ਹੁਣ ਮੱਚਦੀ ੨ ਲੋਹ'ਤੇ ਖੜ੍ ਰਹੇ ਹਨ।

ਲੇਖਕ ਪ੍ਰਕਾਸ਼ਕ:-
ਬ੍ਰਹਮਵਿੱਦਿਆ ਦੇ ਦਾਤੇ, ਪੰਥਰਤਨ,
ਬ੍ਰਹਮਗਿਆਨੀਕੈ; ਗਰੀਬੀ ਸਮਾਹਾ॥ ਬ੍ਰਹਮਗਿਆਨੀ; ਪਰਉਪਕਾਰ ਉਮਾਹਾ॥
ਪੂਰਨ ਪਰਉਪਕਾਰੀ ਪੂਰਨ ਬ੍ਰਹਮਗਿਆਨੀ ਸੱਚਖੰਡ ਵਾਸੀ ਪਰਮਪੂਜਨੀਕ
ਸ੍ਰੀ ਮਾਨ ਸੰਤ ਬਾਬਾ ਗੁਰਬਚਨ ਸਿੰਘ ਸਾਹਿਬ ਖ਼ਾਲਸਾ,
ਸੰਤ ਕਰਤਾਰ ਸਿੰਘ ਸਾਹਿਬ ਖ਼ਾਲਸਾ ਜੀ ਦੇ ਸੱਚੇ ਪਰ ਉਪਕਾਰੀ ਚਰਨ-ਕਮਲਾਂ ਦੇ,
ਹਰਿ ਹਰਿ ਮੇਲਿ ਮੇਲਿ ਜਨ ਸਾਧੂ; ਹਮ ਸਾਧ ਜਨਾ ਕਾ ਕੀੜਾ॥
ਅਨੁਸਾਰ ਨਿੱਕੇ ਕੀੜੇ ਕ੍ਰਿਮ, ਸਭ ਦੀ ਚਰਨ-ਧੂੜ, ਦਾਸਨਦਾਸ ਚਰਨ ਸਿੰਘ ਉਰਫ਼ ਜਸਵੰਤ ਸਿੰਘ ਪਿੰਡ ਦਾਉਧਰ, (ਮੋਗਾ)
ਜਵਾਹਰਸਿੰਘ ਪਿੰਡ ਚਮਿੰਡੇ (ਲੁਧਿਆਣਾ) ਪੰਜਾਬ ਇੰਡੀਆ।

Sri Satguru Jagjit Singh Ji eLibrary NamdhariElibrary@gmail.com

ਇਹ ਪਰਮਪਵਿੱਤ੍ਰ ਪੋਥੀਆਂ ਪ੍ਰਾਪਤ ਕਰਕੇ ਨਿਹਾਲ ਨਿਹਾਲ ਨਿਹਾਲ ਹੋਵੋ ਜੀ:

੧. ਪੋਥੀ ਜਨਮ ਸੰਸਕਾਰ, ਅੰਮ੍ਰਿਤ ਸੰਸਕਾਰ, ਬ੍ਰਹਮ ਵਿੱਦਿਆ, ਅਨੰਦ ਕਾਰਜ, ਅੰਤਮ ਸੰਸਕਾਰ।

੨. ਪੋਥੀ ਵਾਹਿਗੁਰੂ ਸਤਿਗੁਰੂ ਸ੍ਰੀ ਸੁਖਮਨੀ ਸਾਹਿਬ ਜੀ ਸਟੀਕ.ਸ੍ਰੀ ਦਮਦਮੀ ਟਕਸਾਲ।

੩. ਸਤਿਗੁਰੂ ਸਾਹਿਬ ਜੀ ਅਤੇ ਸੰਤਾਂ ਮਹਾਂਪੁਰਸ਼ਾਂ ਦੇ ਅਮੋਲਕ ਬੋਲੇ ਅਤੇ ਗੁਰਮਤਿ ਅਨੁਸਾਰ ਅਨੇਕ ਪ੍ਰਸਨਾਂ ਦੇ ਉੱਤ੍ਰ ਸਤਿਗੁਰੂ ਗ੍ਰੰਥ ਸਾਹਿਬ ਜੀ ਬਖ਼ਸ਼ ਰਹੇ ਹਨ। ਪੜ੍ਹਨ ਵਾਲੇ ਧਾਰਮਿਕ ਗ੍ਰੰਥਾਂ ਦੇ ਨਾਮ। ਦੇਹ ਅਰੋਗਤਾ, ਗੱਡੀ ਦੀ ਦੇਖ ਰੇਖ ਡਰਾਈਵਿੰਗ ਬਾਰੇ ਸ਼ੁਭ ਸਿੱਖਿਆ।

੪. ਦਸ ਸਤਿਗੁਰੂ ਸਾਹਿਬਾਨ ਜੀ ਦੀ ਪਰਮ ਪੂਜਨੀਕ ਸ਼ੁਭ ਸੱਚੀ ਬੰਸਾਵਲੀ।

੫. ਸਤਿਗੁਰੂ ਗ੍ਰੰਥ ਸਾਹਿਬ ਜੀ ਦਾ ਮਹਾਂ ਵਿਸਮਾਦ ਇਤਹਾਸ, ਅਖੰਡ ਪਾਠ, ਸਹਜ ਪਾਠ ਮਰਯਾਦਾ, ਗੁਰਬਾਣੀ ਜੀ ਸਤਿਕਾਰ ਪੂਜਨ ਮਹਾਂ ਵਿਸਮਾਦ ਸ਼ੁਭ ਸਿੱਖਿਆ, ੧੦੧ ਅਰਦਾਸ, ਗੁਰਪੁਰਬਾਂ ਦੀਆਂ ਅਰਦਾਸਾਂ।

੬. ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼ੁੱਧ ਉਚਾਰਣ, ਅਰਥ ਪਾਠ ਅਤੇ ਵਿਸ਼ਰਾਮ ਪੋਥੀ ਸ਼੍ਰੀ ਦਮਦਮੀ ਟਕਸਾਲ

੭. ਆਦਿ ਬਾਣੀ, ਸ੍ਰੀ ਦਸਮ ਬਾਣੀ, ਭਾਈ ਗੁਰਦਾਸ ਜੀ ਦੀਆਂ ਵਾਰਾਂ 'ਚੋਂ ਗ੍ਰੀਬੀ ਵਾਲੇ, ਸਬਦ ਪਦਾਂ ਦੇ ਮਹਾਂ ਵਿਸਮਾਦ ਅਰਥ। ਦੂਜਾ ਪ੍ਰਕਰਣ ਪੂਜਾ ਦਾ ਧਾਨ ਜ਼ਹਿਰ ਹੈ॥

੮. ਸਲੋਕ ਭਗਤ ਕਬੀਰ ਸਾਹਿਬ ਜੀ, ਭਗਤ ਫਰੀਦ ਸਾਹਿਬ ਜੀ ਦੇ ਮਹਾਂ ਵਿਸਮਾਦ ਅਰਥ।

੯. ਗੁਰਬਾਣੀ ਜੀ ਦੇ ਚਾਨਣ ਅੰਦਰ ਦੇਹ ਅਰੋਗਤਾ ਬਾਰੇ ਮਹਾਂ ਵਿਸਮਾਦ ਸਿੱਖਿਆ।

੧੦. ਗੁਰਮੁਖਿ ਗੁਰਮੁਖੀ ਬਾਲਉਪਦੇਸ਼! ਰਿਕਾਰਡ ਕੀਤਾ ਬਾਲਉਪਦੇਸ਼, ਸੁਣ! ਗੁਰਮੁਖੀ ਸਿਖਾਉ ਹੇ ਦਰਵੇਸ਼!

ਗੁਰੂ ਪਿਆਰੀ ਸਾਧ ਸੰਗਤ ਜੀ ਨੂੰ ਇਹ ਜਾਣਕੇ ਬੇਅੰਤ ਖੁਸ਼ੀ ਹੋਵੇਗੀ ਕਿ ਗੁਰਬਾਣੀ ਉਚਾਰਣ ਸ਼ੁਧੀ ਲਈ ਇਹਨ੍ਹਾਂ ਪੋਥੀ ਸਾਹਿਬਾਨਾਂ ਦੀਆਂ ਰਿਕਾਰਡਿੰਗ ਵੀ ਦਾਸਨ ਦਾਸ ਤੋਂ ਗੁਰੂ ਸਾਹਿਬ

Sri Satguru Jagjit Singh Ji eLibrary NamdhariElibrary@gmail.com

ਜੀ ਨੇ ਕਰਵਾਈ ਹੈ। ਸੰਗਤ ਜੀ ਰਿਕਾਰਡਿੰਗ ਲਾਕੇ ਪੋਥੀ ਸਾਹਿਬ ਪ੍ਰਕਾਸ਼ ਕਰਕੇ ਮਗਰ ੨ ਬੋਲਣ ਜੀ।

ਪੋਥੀ ਸਾਹਿਬਾਨ, ਸ਼ੁੱਧ ਉਚਾਰਨ ਗੁਰੂ ਗ੍ਰੰਥ ਸਾਹਿਬ ਜੀ ਪਾਠ ਦੇ **Audio Player** ਪ੍ਰਾਪਤੀ ਲਈ:

ਦਾਸਨ ਦਾਸਾਂ (ਇੰਡੀਆ) **+91-896-895-6093,** (ਕੈਨੇਡਾ) **306-580-7730**
ਭਾਈ ਰਜਿੰਦਰ ਸਿੰਘ ਜੀ ਕੈਨੇਡਾ, ਫੋਨ: **905-458-7776**
ਭਾਈ ਗੁਰਚਰਨ ਸਿੰਘ ਜੀ ਕੈਨੇਡਾ, ਫੋਨ: **905-910-0460**
ਭਾਈ ਅਮਰਇੰਦਰ ਸਿੰਘ ਜੀ ਕੈਨੇਡਾ, ਫੋਨ: **647-625-2596**
ਭਾਈ ਅੰਤਰਜੋਤ ਸਿੰਘ ਜੀ ਕੈਨੇਡਾ, ਫੋਨ: **306-262-7730**
ਭਾਈ ਗੁਰਸ਼ਰਨ ਸਿੰਘ ਜੀ ਕੈਨੇਡਾ, ਫੋਨ: **403-671-7283**

ਗੁਰੂ ਸੇਵਾ ਲਈ ਭੇਟਾ ਕਰਣ ਤੇ ਤੁਹਾਨੂੰ '**CANADIAN TAX RECEIPT**' ਦਿੱਤੀ ਜਾਵੇਗੀ।
ਭੇਟਾ ਲਈ ਉੱਤੇ ਕੈਨੇਡੀਅਨ ਫੋਨ ਨੰਬਰਾਂ ਤੇ ਸੰਪਰਕ ਕਰੋ ਜੀ ਜਾਂ
www.Gursevak.com/content/donate ਤੇ ਜਾ ਕੇ ਭੇਟਾ ਦਵੋ!

ਦਾਸਾਂ ਦੀ ਸੇਵਾ ਸੰਸਥਾ **DEAR FATHER BRAVE GURU GOD'S SLAVE SOCIETY** ਹੁਣ **CANADA REVENUE AGENCY** ਨਾਲ **#84017-9444-RR0001** ਹੇਠਾਂ **REGISTERED CHARITY** ਹੈ।

ਧੰਨ ਹਨ ਧੰਨ ਹਨ ਪਰਮਪੂਜਨੀਕ ਸੱਚੇ ਸਤਿਗੁਰੂ ਵਾਹਿਗੁਰੂ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਧੰਨ ਹਨ! ਹੁਣ ਉੱਬਲਦੀ ਦੇਗ਼ ’ਚ ਚੌਂਕੜਾ ਲਾ ਰਹੇ ਹਨ। ਹੁਣ ਮੱਚਦੇ ੨ ਰੇਤੇ ’ਤੇ ਬੈਠ ਰਹੇ ਹਨ, ਮੱਚਦਾ ੨ ਰੇਤਾ ਆਪਣੇ ਪਰਮਪਵਿੱਤ੍ਰ ਪਰਮਪੂਜਨੀਕ ਸ਼ੁਭ ਸੱਚੇ ਸੁੱਚੇ ਉੱਚੇ ਮਹਾਨ ਪਰਉਪਕਾਰੀ ਸੀਸ ’ਤੇ ਹੁਣ ਪੁਆ ਰਹੇ ਹਨ, ਹੁਣ ਮੱਚਦੀ ੨ ਲੋਹ ’ਤੇ ਖੜ੍ ਰਹੇ ਹਨ।

ਧਰਮ ਹੇਤ; ਸਾਕਾ ਜਿਨਿ ਕੀਆ॥ ਸੀਸੁ ਦੀਆ; ਪਰੁ. ਸਿਰਰੁ ਨ ਦੀਆ॥
ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ ਸੱਚੇ ਸਤਿਗੁਰੂ ਤੇਗ਼ ਬਹਾਦਰ ਸਾਹਿਬ ਜੀ ਧੰਨ ਹਨ। ਲੋਹੇ ਦੇ ਤੰਗ ਪਿੰਜਰੇ ’ਚ ਤਿੱਖੇ ਕਿੱਲਾਂ ਵਿਚਕਾਰ ਬੈਠੇ ਹੁਣ ਵਾਹਿਗੁਰੂ ਵਾਹਿਗੁਰੂ ਜਪ ਰਹੇ ਹਨ। ਹੁਣ ਸੀਸ ਕੁਰਬਾਨ ਕਰ ਰਹੇ ਹਨ। ਆਪ ਜੀ ਦਾ ਸ਼ਹੀਦ ਹੋਇਆ ਸੀਸ ਹੁਣ ਦਾਸਨ ਦਾਸੀ ਦੇ ਸਿਰ ‘ਤੇ ਸਜ ਰਿਹਾ ਹੈ।

Sri Satguru Jagjit Singh Ji eLibrary NamdhariElibrary@gmail.com

ਧੰਨ ਧੰਨ ਵਾਹਿਗੁਰੂ ਸਤਿਗੁਰੂ ਸਾਹਿਬਾਨ ਜੀ

ਧੰਨ ਬਾਬਾ ਸਤੀਰਾਮ ਸਾਹਿਬ ਜੀ! ਚਾਂਦਨੀ ਚੌਂਕ ਦਿੱਲੀ ਵਿਖੇ, ਸੰਤ ਦੋਖੀ ਜ਼ਾਲਮ, ਆਪ ਜੀ ਨੂੰ ਹੁਣ, ਰੂੰ 'ਚ ਲਪੇਟ ਕੇ ਸਾੜ ਰਹੇ ਹਨ।

ਪਰਮ ਸ਼ਹੀਦ ਧੰਨ ਬਾਬਾ ਜੀਵਨ ਸਿੰਘ ਸਾਹਿਬ ਜੀ! ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਦੇ ਪਰਮਪਵਿੱਤ੍ਰ ਨਿਰੰਕਾਰੀ ਸੀਸ ਨੂੰ, ਆਪਣੇ ਸੀਸ 'ਤੇ ਸਜਾ ਕੇ, ਦਿੱਲੀਓਂ ਸ੍ਰੀ ਅਨੰਦਪੁਰ ਸਾਹਿਬ ਜੀ ਨੂੰ, ਹੁਣ ਲਿਜਾ ਰਹੇ ਹਨ, ਸ੍ਰੀ ਅਨੰਦਪੁਰ ਸਾਹਬਿ ਜੀ ਤਿਆਗਣ ਮਗਰੋਂ, ਸਰਸਾ ਨਦੀ ਨੇੜੇ, ਜ਼ਾਲਮਾਂ ਦਾ ਪੁਰਜਾ ੨ ਕੱਟ ਕੇ, ਆਪਣਾ ਅੰਗ ੨ ਕਟਵਾ ਕੇ, ਨਾਨਕ, ਸੇਵਕੁ ਸੋਈ ਆਖੀਐ; ਜੋ ਸਿਰੁ ਧਰੇ ਉਤਾਰਿ॥ ਅਨੁਸਾਰ ਹੁਣ ਸ਼ਹੀਦੀ ਪਾ ਰਹੇ ਹਨ।

ਲਾਹੌਰ ਵਿਖੇ ਬੱਚਿਆਂ ਨੂੰ ਨੇਜ਼ਿਆਂ 'ਤੇ ਟੰਗਵਾ ਕੇ, ਗਲਾਂ ਚ ਹਾਰ ਪੁਆ, ਪੂਰਨ ਪ੍ਰੀਤ ਪ੍ਰਤੀਤ ਨਾਲ ਭੁੱਖੀਆਂ, ਸਬਰ ਸ਼ੁਕਰ ਨਾਲ ਸਵਾ ੨ ਮਣ ਪੀਸ ਕੇ ਸਿਦਕ ਨਿਭਾ ਰਹੀਆਂ ਮਾਵਾਂ।

Sri Satguru Jagjit Singh Ji eLibrary NamdhariElibrary@gmail.com

ਪਰਮਪੂਜਨੀਕ ਗੁਰਮੁਖਿ ਸਨਮੁਖ ਧੰਨ ਬਾਬਾ ਦੀਪ ਸਿੰਘ ਸਾਹਿਬ ਜੀ! ਹੁਣ ਆਪਣਾ ਸੀਸ ਤਲੀ 'ਤੇ ਰੱਖ ਕੇ, ਮੱਚਦੇ ਧਰਮ ਯੁੱਧ ਚ, ਸ੍ਰੀ ਹਰਿਮੰਦਰ ਸਾਹਿਬ ਜੀ 'ਤੇ ਚੜ੍ਹ ਕੇ ਆਏ ਜ਼ਾਲਮਾਂ ਦੇ ਡੱਕਰੇ ੨ ਕਰ ਰਹੇ ਹਨ।



ਧੰਨ ਬਾਬਾ ਮਨੀ ਸਿੰਘ ਸਾਹਿਬ ਜੀ! ਪਰਮਪੂਜਨੀਕ ਸਤਿਗੁਰੂ ਸਾਹਿਬਾਨ ਜੀ ਦੇ ਪਿਆਰ ਸਤਿਕਾਰ ਸਿਮਰਨ ਚ ਲੀਣ ਹੁਣ ਬੈਠ ਰਹੇ ਹਨ, ਜ਼ਾਲਮ ਹੁਣ ਆਪ ਜੀ ਦਾ ਬੰਦ ੨ ਕੱਟ ਰਹੇ ਹਨ।

Sri Satguru Jagjit Singh Ji eLibrary NamdhariElibrary@gmail.com

ਧੰਨ ਸ਼ਹੀਦ ਬਾਬਾ ਸੁੱਖਾ ਸਿੰਘ ਬਾਬਾ ਮਹਿਤਾਬ ਸਿੰਘ ਸਾਹਿਬ ਜੀ! ਅਤਿ ਪਾਪੀ ਵਿਕਾਰੀ ਹੰਕਾਰੀ ਮੱਸੇਰੰਘੜ ਦਾ ਹੰਕਾਰੀ ਸਿਰ, ਹੁਣ ਵੱਢ ਰਹੇ ਹਨ। ਸਿਰ ਵੱਢ ਕੇ, ਬਰਛੇ 'ਤੇ ਟੰਗ ਕੇ, ਘੋੜਿਆਂ 'ਤੇ ਅਸਵਾਰ, ਬੁੱਢੇ ਜੌਹੜ ਨੂੰ ਜੈਕਾਰੇ ਗੱਜਾਉਂਦੇ ਲਿਜਾ ਰਹੇ ਹਨ।

ਧੰਨ ਬਾਬਾ ਜੋਰਾਵਰ ਸਿੰਘ ਸਾਹਿਬ ਜੀ, ਧੰਨ ਬਾਬਾ ਫ਼ਤੇਹ ਸਿੰਘ ਸਾਹਿਬ ਜੀ! ਜਿਉਂਦਿਆਂ ੨ ਨੂੰ ਹੀ, ਸਰਹਿੰਦ ਵਿਖੇ, ਜ਼ਾਲਮ ਜ਼ੁਲਮੀ ਕੰਧ ਦੀ ਨੀਂਹ ਚ, ਹੁਣ ਖੜੇ ਕਰਕੇ, ਉੱਪਰ ਕੰਧ ਚਿਣ ਰਹੇ ਹਨ। ਵੇਪਰਵਾਹੀ ਨਾਲ ਜੈਕਾਰੇ ਗੱਜਾਉਂਦਿਆਂ ਦੇ, ਸੀਸ ਉਤਾਰੇ ਜਾ ਰਹੇ ਹਨ।

Sri Satguru Jagjit Singh Ji eLibrary NamdhariElibrary@gmail.com

ਧੰਨ ਬਾਬਾ ਮਤੀਦਾਸ ਸਾਹਿਬ ਜੀ! ਚਾਂਦਨੀ ਚੌਂਕ ਦਿੱਲੀ ਵਿਖੇ, ਸੰਤ ਦੋਖੀ ਜ਼ਾਲਮ, ਆਪਜੀ ਨੂੰ ਹੁਣ ਤਿੱਖੇ ਆਰੇ ਨਾਲ ਚੀਰ ਰਹੇ ਹਨ। ਪਿਆਰੀ ਸਿੱਖੀ ਤੇ ਸੱਚੇ ਸਤਿਗੁਰਾਂ ਲਈ, ਆਪਣਾ ਤਨ ਹੁਣ ਚਿਰਵਾ ਰਹੇ ਹਨ।

ਧੰਨ ਬਾਬਾ ਦਿਆਲਾ ਸਾਹਿਬ ਜੀ! ਚਾਂਦਨੀ ਚੌਂਕ ਦਿੱਲੀ ਵਿਖੇ, ਸੰਤ ਦੋਖੀ ਜ਼ਾਲਮ, ਆਪ ਜੀ ਨੂੰ ਹੁਣ, ਦੇਗ਼ ’ਚ ਉਬਾਲ ਰਹੇ ਹਨ।

Sri Satguru Jagjit Singh Ji eLibrary NamdhariElibrary@gmail.com

ਧੰਨ ਬਾਬਾ ਬਚਿੱਤ੍ਰ ਸਿੰਘ ਸਾਹਿਬ ਜੀ! ਸਤਿਗੁਰੂ ਸਾਹਿਬ ਜੀ ਦੀ ਬਖ਼ਸ਼ੀਸ਼ ਨੂੰ ਪ੍ਰਾਪਤ ਹੋ ਕੇ, ਘੋੜੇ 'ਤੇ ਅਸਵਾਰ ਜਸਵਾਰੀਆਂ ਦੇ ਸ਼ਰਾਬੀ ਹਾਥੀ ਦੀਆਂ ਤਵੀਆਂ, ਸਤਿਗੁਰਾਂ ਦੀ ਬਖ਼ਸ਼ੀ ਨਾਗਣੀ ਨਾਲ, ਹੁਣ ਵਿੰਨ੍ ਰਹੇ ਹਨ।



ਧੰਨ ਬਾਬਾ ਗਰਜਾ ਸਿੰਘ ਬੋਤਾ ਸਿੰਘ ਜੀ! ਹੁਣ ਚੜ੍ ਕੇ ਆਏ ਜ਼ਾਲਮਾਂ ਦੇ ਡੱਕਰੇ ਕਰ ਰਹੇ ਹਨ, ਜੈਕਾਰੇ ਗਜਾਉਂਦਿਆਂ ਸ਼ਹੀਦੀ ਪਾ ਰਹੇ ਹਨ। ਸੂਰਾ. ਸੋ ਪਹਿਚਾਨੀਐ; ਜੁ ਲਰੈ. ਦੀਨ ਕੇ ਹੇਤ॥ ਪੁਰਜਾ ਪੁਰਜਾ ਕਟਿ ਮਰੈ; ਕਬਹੂ ਨ ਛਾਡੈ ਖੇਤੁ॥

ਤਖ਼ਤ ਸ੍ਰੀ ਦਮਦਮਾ ਸਾਹਿਬ ਜੀ ਵਿਖੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਭਾਈ ਮਨੀ ਸਿੰਘ ਸਾਹਿਬ ਜੀ ਤੋਂ ਵਾਹਿਗੁਰੂ ਸਤਿਗੁਰੂ ਗ੍ਰੰਥ ਸਾਹਿਬ ਜੀ ਲਿਖਵਾ ਰਹੇ ਹਨ।

ਪਰਮਪੂਜਨੀਕ ਸੰਤ ਬਾਬਾ ਗੁਰਬਚਨ ਸਿੰਘ ਸਾਹਿਬ ਖ਼ਾਲਸਾ ਜੀ, ਸੰਤ ਕਰਤਾਰ ਸਿੰਘ ਸਾਹਿਬ ਖ਼ਾਲਸਾ ਜੀ ਤੋਂ ਗੁਰਬਾਣੀ ਸੁਣ ਰਹੇ ਹਨ।

Sri Satguru Jagjit Singh Ji eLibrary NamdhariElibrary@gmail.com

ਬਾਲਾਨ ਬਾਲ॥ ਪਰਮਪੂਜਨੀਕ ਵਾਹਿਗੁਰੂ ਮੀਰੀ ਪੀਰੀ ਦੇ ਮਾਲਕ
ਸਤਿਗੁਰੂ ਹਰਗੋਬਿੰਦ ਸਾਹਿਬ ਮਹਾਰਾਜ ਜੀ।



ਪਰਮਪੂਜਨੀਕ ਵਾਹਿਗੁਰੂ ਮਹੱਲਾ ਪੰਜਵਾਂ ਜੀ, ਸ੍ਰੀ ਰਾਮਸਰ ਸਾਹਿਬ ਜੀ ਵਿਖੇ, ਭਾਈ ਗੁਰਦਾਸ ਸਾਹਿਬ ਜੀ ਤੋਂ
ਸਤਿਗੁਰੂ ਗ੍ਰੰਥ ਸਾਹਿਬ ਜੀ ਲਿਖਵਾ ਰਹੇ ਹਨ।

Sri Satguru Jagjit Singh Ji eLibrary NamdhariElibrary@gmail.com

ਪਰਮਪੂਜਨੀਕ ਬਾਬਾ ਘਨਈਆ ਸਾਹਿਬ ਜੀ, ਸੰਤ ਦੋਖੀ ਮਹਾਂ ਹਤਿਆਰਿਆਂ ਨੂੰ
ਪਾਣੀ ਪਿਲਾ ਰਹੇ ਹਨ ਅਤੇ ਮਲਮ ਪੱਟੀ ਕਰ ਰਹੇ ਹਨ।

ਪਰਮਪੂਜਨੀਕ ਵਾਹਿਗੁਰੂ ਮਹੱਲਾ ਤੀਜਾ ਜੀ, ਵਿਆਸ ਦਰਿਆ ਚੋਂ ਜਲ ਭਰ ਰਹੇ ਹਨ,
ਵਾਹਿਗੁਰੂ ਮਹੱਲੇ ਦੂਜੇ ਜੀ ਦੇ ਇਸ਼ਨਾਨ ਲਈ।

Sri Satguru Jagjit Singh Ji eLibrary NamdhariElibrary@gmail.com

ਪੋਹ ਦੀ ਠੰਢੀ ਠਾਰ ਰਾਤ ਚ, ਪਰਮਪੂਜਨੀਕ ਮਾਤਾ ਗੂਜਰੀ ਕੌਰ ਜੀ, ਛੋਟੇ ਸਾਹਿਬਜ਼ਾਦਿਆਂ ਸਮੇਤ ਪਹਾੜੀ ਰਸਤੇ, ਗੰਗੂ ਦੇ ਘਰੇ ਜਾ ਰਹੇ ਹਨ।

ਧੰਨ ਵਾਹਿਗੁਰੂ! ਪੰਜ ਪਿਆਰੇ ਜੀ, ਸਤਿਗੁਰੂ ਸਾਹਿਬ ਜੀ ਨੂੰ, ਹੁਣ ਆਪਣੇ ਨਿਰਮਲ ਪਰਮਪਵਿੱਤਰ ਸ਼ੁਭ ਸੱਚੇ ਸੁੱਚੇ ਉੱਚੇ ਮਹਾਨ ਬਲਵਾਨ ਸੀਸ, ਭੇਟਾ ਕਰ ਰਹੇ ਹਨ, ਉੱਚੇ ਰੁੱਤਬੇ ਪਾ ਰਹੇ ਹਨ, ਸੱਚੇ ਪਾਤਿਸ਼ਾਹ ਜੀ ਤੋਂ ਅੰਮ੍ਰਿਤ ਛਕ ਕੇ, ਸੱਚੇ ਪਾਤਿਸ਼ਾਹ ਜੀ ਨੂੰ ਅੰਮ੍ਰਿਤ ਛਕਾ ਰਹੇ ਹਨ।

Sri Satguru Jagjit Singh Ji eLibrary NamdhariElibrary@gmail.com

ਭਾਈ ਸੁਬੇਗ ਸਿੰਘ ਭਾਈ ਸ਼ਾਹਬਾਜ਼ ਸਿੰਘ ਜੀ ਸਤਿਗੁਰਾਂ ਦੇ ਪਿਆਰ ਸਤਿਕਾਰ ਚ ਹੁਣ ਚਰਖੜੀਆਂ 'ਤੇ ਚੜ੍ਹ ਰਹੇ ਹਨ।

ਧਰਨਿ ਗਗਨ ਨਵ ਖੰਡ ਮਹਿ; ਜੋਤਿ ਸ੍ਵਰੂਪੀ ਰਹਿਓ ਭਰਿ॥
ਭਨਿ ਮਥੁਰਾ. ਕਛੁ ਭੇਦੁ ਨਹੀ; ਗੁਰੁ ਅਰਜੁਨੁ ਪਰਤਖ੍ਯ ਹਰਿ॥

Sri Satguru Jagjit Singh Ji eLibrary NamdhariElibrary@gmail.com

ਸ੍ਰੀ ਹਰਿਕ੍ਰਿਸਨ ਧਿਆਈਐ ਜਿਸੁ ਡਿੱਠੇ ਸਭ ਦੁਖ ਜਾਇ॥

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥ ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥ ਵਾਹਿਗੁਰੂ ਮਹੱਲਾ ਦਸਵਾਂ ਜੀ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਜੀ ਵਿਖੇ ਸੀਸ ਮੰਗ ਰਹੇ ਹਨ

Sri Satguru Jagjit Singh Ji eLibrary NamdhariElibrary@gmail.com

ਪਰਮਪੂਜਨੀਕ ਸਤਿਗੁਰੂ ਹਰਿਰਾਇ ਸਾਹਿਬ ਜੀ– ਅਰਜਨ ਹਰਿਗੋਵਿੰਦ ਨੂੰ ਸਿਮਰੌ ਸ੍ਰੀ ਹਰਿਰਾਇ॥

ਧਰਮ ਹੇਤ; ਸਾਕਾ ਜਿਨਿ ਕੀਆ॥ ਸੀਸੁ ਦੀਆ; ਪਰੁ. ਸਿਰਰੁ ਨ ਦੀਆ॥

Sri Satguru Jagjit Singh Ji eLibrary NamdhariElibrary@gmail.com

ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ॥ ਕਹੁ ਨਾਨਕ ਸੁਨੁ ਰੇ ਮਨਾ ਤਿਹ ਨਰ ਮਾਥੈ ਭਾਗੁ॥ ਪਰਮਪੂਜਨੀਕ ਬ੍ਰਹਮਗਿਆਨੀ ਸਗਲ ਕੀ ਰੀਨਾ॥ ਪੂਰਨ ਵੈਰਾਗੀ ਸ੍ਰੀ ਦਮਦਮੀ ਟਕਸਾਲ ਦੇ ਗਿਆਰਵੇਂ ਮੁਖੀ ਪੂਰਨ ਸੰਤ ਸੁੰਦਰ ਸਿੰਘ ਸਾਹਿਬ ਜੀ ਭਿੰਡਰਾਂਵਾਲੇ

ਪਰਮਪੂਜਨੀਕ ਪੂਰਨ ਸੰਤ ਬਾਬਾ ਅਤਰ ਸਿੰਘ ਸਾਹਿਬ ਜੀ

Sri Satguru Jagjit Singh Ji eLibrary NamdhariElibrary@gmail.com

ਧੰਨ ਸ਼ਹੀਦ ਬਾਬਾ ਤਾਰੂ ਸਿੰਘ ਸਾਹਿਬ ਜੀ! ਸੱਚੇ ਸਤਿਗੁਰਾਂ ਦੇ ਸਤਿਕਾਰ ਪਿਆਰ ਹਿਤ ਸਿਮਰਣ ਚ, ਰੋਮ ੨ ਕਰਕੇ ਲੀਣ ਬੈਠੇ ਹਨ, ਜ਼ਾਲਮ ਹੁਣ ਆਪ ਜੀ ਦਾ ਖੋਪਰਾ ਉਤਾਰ ਰਹੇ ਹਨ। ਖੋਪਰੇ ਉਤਰਨ ਤੋਂ ਭੀ, 22 ਦਿਨ ਸਮਾਧੀ ਚ ਬੈਠੇ, ਗੁਰੂ ਗੁਰੂ ਸਿਮਰਦੇ ਰਹੇ

ਧੰਨ ਬਾਬਾ ਸ਼ਾਮ ਸਿੰਘ ਜੀ ਅਡਣਸ਼ਾਹੀ ਜੀ ਨੇ ੭੦ ਸਾਲ ਸ੍ਰੀ ਹਰਿਮੰਦਰਸਾਹਿਬ ਜੀ ਵਿਖੇ ਤੜਕੇ ਸਵਾ ਦੋ ਵਜੇ ਅੰਮ੍ਰਿਤ ਕੀਰਤਨ ਕੀਤਾ, ਇਕ ਦਿਨ ਵੀ ਨਾਗਾ ਨਹੀਂ ਪਾਇਆ

Sri Satguru Jagjit Singh Ji eLibrary NamdhariElibrary@gmail.com



ਸ੍ਰੀ ਨਾਨਕ; ਅੰਗਦਿ ਕਰਿ ਮਾਨਾ॥ ਅਮਰਦਾਸ; ਅੰਗਦ ਪਹਿਚਾਨਾ॥
ਅਮਰਦਾਸ; ਰਾਮਦਾਸ ਕਹਾਯੋ॥ ਸਾਧਨਿ ਲਖਾ; ਮੂੜ ਨਹਿ ਪਾਯੋ॥

ਪਰਮਪੂਜਨੀਕ ਗੁਰੂ ਜੀ ਦੇ ਅਨੰਨਿ ਸੇਵਕ ਬਾਬਾ ਬੁੱਢਾ ਸਾਹਿਬ ਜੀ, ਮਾਤਾ ਗੰਗਾ ਜੀ ਨੂੰ ਵਰ ਬਖ਼ਸ਼ਸ਼ ਰਹੇ ਹਨ

Sri Satguru Jagjit Singh Ji eLibrary NamdhariElibrary@gmail.com

ੴ ਸਤਿਗੁਰ ਪ੍ਰਸਾਦਿ॥
ਵਾਹਿਗੁਰੂ ਜੀ ਕਾ ਖ਼ਾਲਸਾ ! ਵਾਹਿਗੁਰੂ ਜੀ ਕੀ ਫ਼ਤੇਹ॥

ਪੀਊ ਦਾਦੇ ਕਾ; ਖੋਲਿ ਡਿਠਾ ਖਜਾਨਾ॥ ਤਾ ਮੇਰੈ ਮਨਿ; ਭਇਆ ਨਿਧਾਨਾ॥ ੧॥ ਪਰਮ ਪੂਜਨੀਕ ਗੁਰੂ ਪੰਥ ਜੀ ਕੀ ਜੀਤ। (ੴ ਸਾਹਿਬ ਜੀ ਦਾ ਸ਼ੁੱਧ ਉਚਾਰਨ, ਇੱਕਓਅੰਕਾਰ, ਸ਼ੁੱਧ ਪਕਾਉ ਪੜ੍ ਕੇ ਬਾਰ ਬਾਰ) ਹਿੰਦੂ ਤੁਰਕ ਕੋਊ, ਰਾਫਜੀ ਇਮਾਮਸਾਫੀ; ਮਾਨਸ ਕੀ ਜਾਤ ਸਭੈ, ਏਕੈ ਪਹਚਾਨਬੋ॥) ਅਵਲਿ ਅਲਹ ਨੂਰੁ ਉਪਾਇਆ; ਕੁਦਰਤਿ ਕੇ ਸਭ ਬੰਦੇ॥ ਏਕ ਨੂਰ ਤੇ.ਸਭੁ ਜਗੁ ਉਪਜਿਆ; ਕਉਨ ਭਲੇ.ਕੋ ਮੰਦੇ॥) ਖ਼ਾਲਸਾ ਮੇਰੋ; [1]ਪਿੰਡ[2] ਪਰਾਨ॥ ਖ਼ਾਲਸਾ ਮੇਰੀ; ਜਾਨ ਕੀ ਜਾਨ॥ ([1]ਸ਼ਰੀਰ, [2]ਜਿੰਦ) ਕ੍ਰਿਪਾਵੰਤ ਖ਼ਾਲਸ ਸਗਲ; ਤਹ ਪ੍ਰਸਾਦਿ ਭਯੋ [1]ਗੌਰ॥ ਮੋਹਿ ਸੇ ਰੰਕ ਅਨਾਥ ਜਗ; ਭਟਕਤ ਫਿਰਤ ਕਰੋਰ॥ ([1]ਵੱਡੇ) ਮੋ ਗ੍ਰਹਿ ਮੈ.ਤਨ ਤੇ ਮਨ ਤੇ; ਸਿਰ ਲਉ ਧਨ ਹੈ; ਸਭਹੀ ਇਨਹੀ ਕੋ॥) ਇਨਹੀ ਕੀ ਕ੍ਰਿਪਾ ਕੇ, ਸਜੇ ਹਮ ਹੈ; ਨਹੀ ਮੋ ਸੇ ਗਰੀਬ ਕਰੋਰ ਪਰੇ॥) ਜਉ ਤਉ; ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ; ਗਲੀ ਮੇਰੀ ਆਉ॥ ਇਤੁ ਮਾਰਗਿ; ਪੈਰੁ ਧਰੀਜੈ॥ ਸਿਰੁ ਦੀਜੈ; ਕਾਣਿ ਨ ਕੀਜੈ॥) ਗਗਨ ਦਮਾਮਾ ਬਾਜਿਓ; ਪਰਿਓ ਨੀਸਾਨੈ ਘਾਉ॥ ਖੇਤੁ ਜੁ ਮਾਂਡਿਓ ਸੂਰਮਾ; ਅਬ ਜੂਝਨ ਕੋ ਦਾਉ॥ ੧॥ ਸੂਰਾ ਸੋ ਪਹਿਚਾਨੀਐ; ਜੁ ਲਰੈ ਦੀਨ ਕੇ ਹੇਤ॥ ਪੁਰਜਾ ਪੁਰਜਾ ਕਟਿ ਮਰੈ; ਕਬਹੂ ਨ ਛਾਡੈ ਖੇਤੁ॥

ਲੇਖਕ ਪ੍ਰਕਾਸ਼ਕ-

ਦਮਦਮੀ ਟਕਸਾਲ ਦੇ ਬਾਰ੍ਵੇਂ, ਤੇਰਵੇਂਮੁਖੀ, ਬ੍ਰਹਮਵਿੱਦਿਆ ਦੇ ਦਾਤੇ, ਪੰਥਰਤਨ, ਬ੍ਰਹਮਗਿਆਨੀ ਕੈ; ਗਰੀਬੀ ਸਮਾਹਾ॥ ਬ੍ਰਹਮਗਿਆਨੀ; ਪਰਉਪਕਾਰ ਉਮਾਹਾ॥ ਪੂਰਨ ਪਰਉਪਕਾਰੀ ਪੂਰਨ ਬ੍ਰਹਮ-ਗਿਆਨੀ ਸੱਚਖੰਡਵਾਸੀ ਪਰਮਪੂਜਨੀਕ ਸ੍ਰੀ ਮਾਨ ਸੰਤ ਬਾਬਾ ਗੁਰਬਚਨ ਸਿੰਘ ਸਾਹਿਬ ਖ਼ਾਲਸਾ, ਸੰਤ ਕਰਤਾਰ ਸਿੰਘ ਸਾਹਿਬ ਖ਼ਾਲਸਾ ਜੀ ਦੇ ਸੱਚੇ ਪਰਉਪਕਾਰੀ ਚਰਨ-ਕਮਲਾਂ ਦੇ, ਹਰਿ ਹਰਿ ਮੇਲਿ ਮੇਲਿ ਜਨ ਸਾਧੂ; ਹਮ ਸਾਧ ਜਨਾ ਕਾ ਕੀੜਾ॥
ਅਨੁਸਾਰ ਨਿੱਕੇ ਕੀੜੇ ਕ੍ਰਿਮ, ਸਭ ਦੀ ਚਰਨ-ਧੂੜ,
ਦਾਸਨਦਾਸ ਚਰਨ ਸਿੰਘ ਉਰਫ਼ ਜਸਵੰਤ ਸਿੰਘ ਪਿੰਡ ਦਾਉਧਰ, (ਮੋਗਾ)
ਜਵਾਹਰਸਿੰਘ ਪਿੰਡ ਚਮਿੰਡੇ (ਲੁਧਿਆਣਾ) ਪੰਜਾਬ ਭਾਰਤ।

Sri Satguru Jagjit Singh Ji eLibrary NamdhariElibrary@gmail.com

ਪਹਿਲਾ ਮਰਣੁ ਕਬੂਲਿ; ਜੀਵਣ ਕੀ ਛਡਿ ਆਸ॥ ਹੋਹੁ ਸਭਨਾ ਕੀ ਰੇਣੁਕਾ; ਤਉ ਆਉ ਹਮਾਰੈ ਪਾਸਿ॥) ਤੂ ਚਉ ਸਜਣ ਮੈਡਿਆ; ਡੇਈ ਸਿਸੁ ਉਤਾਰਿ॥ ਨੈਣ ਮਹਿੰਜੇ ਤਰਸਦੇ; ਕਦਿ ਪਸੀ ਦੀਦਾਰੁ॥) ਕਬੀਰ.ਜਉ ਤੁਹਿ ਸਾਧ ਪਿਰੰਮ ਕੀ; ਸੀਸੁ ਕਾਟਿ ਕਰਿ ਗੋਇ॥ ਖੇਲਤ ਖੇਲਤ ਹਾਲ ਕਰਿ; ਜੋ ਕਿਛੁ ਹੋਇ ਤ ਹੋਇ॥) ਮਰਣੁ ਮੁਣਸਾ ਸੂਰਿਆ.ਹਕੁ ਹੈ; ਜੋ ਹੋਇ ਮਰਨਿ ਪਰਵਾਣੋ॥) ਸਭੁ ਦਿਨਸੁ ਰੈਣਿ.ਦੇਖਉ ਗੁਰੁ ਅਪੁਨਾ; ਵਿਚਿ ਅਖੀ.ਗੁਰ ਪੈਰ ਧਰਾਈ॥) ਸਾਗਰ ਮੇਰ ਉਦਿਆਨ ਬਨ; ਨਵ ਖੰਡ ਬਸੁਧਾ ਭਰਮ॥ ਮੂਸਨ ਪ੍ਰੇਮ ਪਿਰੰਮ ਕੈ; ਗਨਉ ਏਕ ਕਰਿ ਕਰਮ॥) ਜਉ ਤਨੁ ਚੀਰਹਿ; ਅੰਗਿ ਨ ਮੋਰਉ॥ ਪਿੰਡੁ ਪਰੈ; ਤਉ.ਪ੍ਰੀਤਿ ਨ ਤੋਰਉ॥) ਜੋ ਗੁਰ ਦੀਸੈ ਸਿਖੜਾ; ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ॥) ਗੁਰਸਿਖਾਂ ਕੀ ਹਰਿ.ਧੂੜਿ ਦੇਹਿ; ਹਮ ਪਾਪੀ ਭੀ ਗਤਿ ਪਾਂਹਿ॥) ਜਨੁ ਨਾਨਕੁ. ਧੂੜਿ ਮੰਗੈ ਤਿਸੁ ਗੁਰਸਿਖ ਕੀ; ਜੋ ਆਪਿ ਜਪੈ.ਅਵਰਹ ਨਾਮੁ ਜਪਾਵੈ॥) ਸਚਹੁ ਓਰੈ ਸਭੁ ਕੋ; ਉਪਰਿ ਸਚੁ ਆਚਾਰੁ॥) ਸਚੁ ਸੁਹਾਵਾ ਕਾਢੀਐ; ਕੂੜੈ ਕੂੜੀ ਸੋਇ॥ ਨਾਨਕ.ਵਿਰਲੇ ਜਾਣੀਅਹਿ; ਜਿਨ ਸਚੁ ਪਲੈ ਹੋਇ॥) ਹੀਣਉ ਨੀਚੁ ਕਰਉ ਬੇਨੰਤੀ; ਸਾਚੁ ਨ ਛੋਡਉ ਭਾਈ॥ ਨਾਨਕ.ਜਿਨਿ ਕਰਿ ਦੇਖਿਆ; ਦੇਵੈ ਮਤਿ ਸਾਈ॥) ਕੂੜ ਨਿਖੁਟੇ. ਨਾਨਕਾ; ਓੜਕਿ ਸਚਿ ਰਹੀ॥ {ਦੇਹ ਸਿਵਾ ਬਰ ਮੋਹਿ ਇਹੈ; ਸੁਭ ਕਰਮਨ ਤੇ.ਕਬਹੂੰ ਨ ਟਰੋ॥) ਕਰਿ ਮਨ ਮੇਰੇ; ਸਤਿ ਬਿਉਹਾਰ॥ ਅਨੁਸਾਰ ਇਹ ਪਰਮਪਵਿੱਤ੍ਰ ਪੋਥੀਆਂ ਪੂਰਨ ਸਤਿਕਾਰ ਸਹਿਤ ਬਹੁ ਗਿਣਤੀ 'ਚ ਸੰਭਾਲੋ.ਪੂਰਨ ਪ੍ਰੇਮ ਸਹਿਤ ਪੜ੍ਹੋ, ਦਸਖ਼ਤ ਕਰਾ ਕੇ.ਅਰਦਾਸਿ ਕਰਕੇ, ਪ੍ਰੇਮੀਆਂ ਨੂੰ ਪੜ੍ਹਨ ਨੂੰ ਦਿੰਦੇ ਲੈਂਦੇ ਰਹੋ। ਇਹ ਸ਼ੁਭ ਇੱਛਾ ਰੱਖਣੀ ਕਿ ਗੁਰੂ ਜੀ ਦਾ ਸਰਬੱਤ ਦੇ ਭਲੇ ਦਾ ਮਤਿ.ਖੰਡ ਬ੍ਰਹਮੰਡ 'ਚ ਫ਼ੈਲੇ। ਅੱਗੇ ਪੜ੍ਹਨ ਨੂੰ ਕਹੋ.ਪ੍ਰੇਮੀ ਸੱਜਣ.ਬਹੁ ਗਿਣਤੀ 'ਚ ਮੁੱਲ ਲੈ ਕੇ.ਅੱਗੇ ਵੰਡਣ ਜੀ.ਅਨੰਤ ਪੁੰਨ.ਗੁਰੂ ਜੀ ਦੀ ਖ਼ੁਸ਼ੀ ਦੀਆਂ ਲੱਖਾਂ ਪਾਤਿਸ਼ਾਹੀਆਂ ਪ੍ਰਾਪਤ ਕਰਨ। ਯਥਾ:-ਲਖ ਖੁਸੀਆ ਪਾਤਿਸਾਹੀਆ; ਜੇ ਸਤਿਗੁਰੁ ਨਦਰਿ ਕਰੇਇ॥ ਨਿਮਖ ਏਕ.ਹਰਿ ਨਾਮੁ ਦੇਇ; ਮੇਰਾ ਮਨੁ ਤਨੁ ਸੀਤਲੁ ਹੋਇ॥) ਵਿਚਿ ਦੁਨੀਆ; ਸੇਵ ਕਮਾਈਐ॥ ਤਾ ਦਰਗਹ ਬੈਸਣੁ ਪਾਈਐ॥ ਕਹੁ ਨਾਨਕ ਬਾਹ ਲੁਡਾਈਐ॥} ਆਪਿ ਨਰਾਇਣੁ.ਕਲਾ ਧਾਰਿ; ਜਗ ਮਹਿ ਪਰਵਰਿਯਉ॥ ਨਿਰੰਕਾਰਿ ਆਕਾਰੁ ਜੋਤਿ; ਜਗ ਮੰਡਲਿ ਕਰਿਯਉ॥

ਪ੍ਰੇਮ ਬੇਨਤੀ:- ਪ੍ਰਕਰਣ ਜਾਂ ਆਦਿ ਅੰਗ 'ਤੇ ਜਾਣ ਲਈ, ਤੱਤਕਰੇ ਚੋਂ ਉਸੇ ਨੂੰ ਕਲਿਕ ਕਰੋ। ਤੱਤਕਰੇ 'ਤੇ ਵਾਪਿਸ ਜਾਣ ਲਈ ਪੇਜ ਦੇ ਥੱਲੇ ਤੱਤਕਰਾ ਲਫ਼ਜ਼ 'ਤੇ ਕਲਿਕ ਕਰੋ ਜੀ।

Sri Satguru Jagjit Singh Ji eLibrary NamdhariElibrary@gmail.com

ਤੱਤਕਰਾ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼ੁੱਧ ਉਚਾਰਣ, ਅਰਥ ਪਾਠ ਵਿਸਰਾਮ ਪੋਥੀ,
ਸ੍ਰੀ ਦਮਦਮੀ ਟਕਸਾਲ।

ਨੰ.	ਪ੍ਰਕਰਣ	ਅੰਗ
੧	ਸ੍ਰੀ ਪੋਥੀ ਸਾਹਿਬ ਜੀ ’ਚ ਵਰਤੇ ਚਿੰਨ੍ ਨਿਸ਼ਾਨ।	
੨	ਪਰਮਪੂਜਨੀਕ ਵਾਹਿਗੁਰੂ ਮਹੱਲਾ ਪੰਜਵਾਂ, ਮਹੱਲਾ ਨਾਵਾਂ ਜੀ ਸ਼ਹੀਦੀ ਧਿਆਨ ਜਾਪ।	
੩	ਮੂਰਤਿ ਪੰਚ ਪ੍ਰਮਾਣ ਪੁਰਖੁ; ਗੁਰੁ ਅਰਜੁਨੁ.ਪਿਖਹੁ ਨਯਣ॥ ੧॥) ਪਾਰਬ੍ਰਹਮ ਪੂਰਨ ਗੁਰਦੇਵ॥ ਪਰਮਪੂਜਨੀਕ ਧੰਨ ਵਾਹਿਗੁਰੂ ਸੱਚੇ ਸਤਿਗੁਰੂ ਸ੍ਰੀ ਗੁਰੂ ਅਰਜਨਦੇਵ ਸਾਹਿਬਜੀ ਦੀ ਪਰਮ ਵੈਰਾਗਮਈ ਸ਼ਹੀਦੀ ਦੇ, ਪੂਰਨ ਅਗਮ ਅਗਾਧ ਵੈਰਾਗਮਈ ਜਸ ਜਾਪ ਅਸਤੋਤ੍ਰ ਦੁਆਰਾ, ਵਾਹਿਗੁਰੂ ਗੁਰਮੰਤ੍ਰ ਹੈ; ਜਪਿ ਹਉਮੈ ਖੋਈ। ਵਾਹਿਗੁਰੂ ਮੰਤ੍ਰ ਜੀ ਦੇ ਅਰਥ।	
੪	ਅਰਥਾਂ ਸਹਿਤ. ਦੋ ਪਉੜੀਆਂ ’ਚ, ਮਹੱਲੇ ਪੰਜਵੇਂ ਮਹੱਲੇ ਨੌਵੇਂ ਜੀ ਦੀ ਪੂਰਨ ਵੈਰਾਗਮਈ ਸ਼ਹੀਦੀ ਬਾਰੇ ਅਰਥਾਂ ਸਹਿਤ, ਜ਼ਬਾਨੀ ਕੰਠ ਕਰਕੇ ਹਰ ਸਮੇਂ ਗਾ ਕੇ, ਅਭਿਆਸ ਕਰਨ ਦੇ ਬੇਅੰਤ ਲਾਹੇ ਹੀ ਲਾਹੇ ਹਨ:- ਰਹਿਦੇ ਗੁਰੁ ਦਰੀਆਉ ਵਿਚਿ; ਮੀਨ ਕੁਲੀਨ ਹੇਤੁ ਨਿਰਬਾਣੀ।	
੫	ਤਿਲਕ ਜੰਞੂ; ਰਾਖਾ ਪ੍ਰਭ ਤਾ ਕਾ॥ ਦੇ ਵੈਰਾਗਮਈ ਅਰਥ	
੬	ਸ੍ਰੀ ਅਕਾਲ ਪੁਰਖ ਜੀ ਵੱਲੋਂ ਮਹੱਲੇ ਨੌਵੇਂ ਜੀ ਦੀ ਸ੍ਰਬ ਵਿਆਪੀ ਮਹਾਂ ਵਿਸਮਾਦ ਮਹਿਮਾ।	
੭	ਵਾਹਿਗੁਰੂ॥ ਗੁਰ ਨਾਲਿ ਤੁਲਿ.ਨ ਲਗਈ; ਖੋਜਿ ਡਿਠਾ ਬ੍ਰਹਮੰਡੁ॥ ਨਾਮੁ ਨਿਧਾਨੁ. ਸਤਿਗੁਰਿ ਦੀਆ; ਸੁਖੁ ਨਾਨਕ. ਮਨ ਮਹਿ ਮੰਡੁ॥) ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ; ਗੁਰਦੇਵ ਨਾਨਕ ਹਰਿ ਨਮਸਕਰਾ॥) ਵਾਹੁ ਵਾਹੁ ਬਾਣੀ ਨਿਰੰਕਾਰ ਹੈ; ਤਿਸੁ ਜੇਵਡੁ, ਅਵਰੁ ਨ ਕੋਇ॥) ਬੇਸੁਮਾਰ ਅਥਾਹ, ਅਗਨਤ ਅਤੋਲੈ॥ ਪਰਮਪੂਜਨੀਕ ਧੰਨ ਵਾਹਿਗੁਰੂ ਜੁੱਗੋ ਜੁੱਗ ਅਟੱਲ ਗੁਰਤਾ ਬਿਰਾਜਮਾਨ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬਜੀ ਦਾ ਰਸਮਈ ਪਿਆਰਾ ਅਸਤੋਤ੍ਰ।	
੮	ਪਰਮ ਪੂਜਨੀਕ ਵਾਹਿਗੁਰੂ ਸਤਿਗੁਰੂ ਦਸਵੇਂ ਪਾਤਿਸ਼ਾਹ ਜੀ ਦਾ ਮਹਾਂ ਵਿਸਮਾਦ ਅਮੋਲਕ ਬਚਨ।	
੯	ਪਰਮਪੂਜਨੀਕ ਨਾਮ ਰਸੀਏ ਤੱਤ ਬੇਤੇ ਮਹਾਨ ਪਰਉਪਕਾਰੀ ਪੂਰਨ ਬ੍ਰਹਮਗਿਆਨੀ, ਪੂਰਨ ਸੰਤ ਬਾਬਾ ਸੁੰਦਰ ਸਿੰਘ ਸਾਹਿਬ ਜੀ ਖ਼ਾਲਸਾ, ਸੰਤ ਬਾਬਾ ਗੁਰਬਚਨ ਸਿੰਘ ਸਾਹਿਬ ਖ਼ਾਲਸਾ ਜੀ ਦੇ ਮਹਾਂ ਵਿਸਮਾਦ ਅਮੋਲਕ ਬਚਨ।	

੧੦	ਛਾਪੇ ਅਨੁਸਾਰ ਸੁੰਦਰ ਲਿਖਣ ਦਾ ਸੁਖੱਲਾ ਢੰਗ।	
੧੧	ਮੁਹਾਰਨੀ ਪਕਾਉਣ ਬੋਲਣ ਬਾਰੇ ਪ੍ਰੇਮ ਬੇਨਤੀ।	
੧੨	ਗੁਰਪ੍ਰਸਾਦਿ ਵਾਹਿਗੁਰੂ ਸੱਚੇ ਗੁਰਬਾਣੀ ਗੁਰੂ ਜੀ ਦੇ ਸ਼ੁੱਧ ਉਚਾਰਨ ਦਾ ਸੋਹਣਾ ਸੁਖੱਲਾ ਅਮੋਲਕ ਢੰਗ।	
੧੩	ਸਤਿਗੁਰੂ ਗ੍ਰੰਥ ਸਾਹਿਬ ਜੀ ਤੋਂ, ਅਪਣੇ ਦਿਮਾਗ਼ 'ਚ, ਹਰ ਸਮੇਂ ਗੁਰਬਾਣੀ ਅਤੇ ਦਿਲ 'ਚੋਂ ਮੁਖ 'ਚ ਅੰਮ੍ਰਿਤ ਦੀ ਪ੍ਰਾਪਤੀ ਲਈ, ਸੰਖੇਪ ਪ੍ਰੇਮ ਬੇਨਤੀ ਜੁਗਤੀ।	
੧੪	ਪਰਮਪੂਜਨੀਕ ਸਤਿਗੁਰਾਂ ਦੇ ਅਵਤਾਰ. ਗੁਰਤਾ. ਜੋਤੀ ਜੋਤਿ ਸਮਾਉਣ ਦੇ ਅਸਥਾਨ।	
੧੫	ਨਿਹਚਲੁ ਸਚੁ ਖੁਦਾਇ ਏਕੁ; ਖੁਦਾਇ ਬੰਦਾ ਅਬਿਨਾਸੀ॥ ਪਰਮਪੂਜਨੀਕ ਅਬਿਨਾਸੀ ਭਗਤਾਂ ਮਹਾਂਪੁਰਸ਼ਾਂ ਜੀ ਦੇ ਪਰਮਪਵਿੱਤ੍ਰ ਸ਼ੁਭ ਸੱਚੇ ਨਾਮ।	
੧੬	ਵਾਹਿਗੁਰੂ ਸਤਿਗੁਰੂ ਗ੍ਰੰਥ ਸਾਹਿਬ ਜੀ ਤੋਂ ਨਿੱਤਨੇਮ ਲਈ ਗੁਰਬਾਣੀ ਅੰਗ।	
੧੭	ਗੁਰਪ੍ਰਸਾਦਿ ਤੱਤਕਰਾ ਰਾਗਾਂ ਦਾ।	
੧੮	ਇਸ {} ਬ੍ਰੈਕਟ 'ਚ, ਗੁਰਬਾਣੀ ਜੀ ਦੇ ਔਖੇ ਵਿਸਰਾਮਾ ਪਾਠਾਂ ਸਬਦਾਂ ਦੇ ਅੰਗ ਹਨ।	
੧੯	ਪਰਮਪੂਜਨੀਕ ਵਾਹਿਗੁਰੂ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਸਰਾਮ ਅਰੰਭ:- ਔਖੇ ਵਿਸਰਾਮ ਅਤੇ ਅੱਖਰਾਂ ਹੇਠਾਂ, ਬਰਾਬਰ ਵਰਤੇ, ੁ ਅੱਧੇ ਚੱਚੇ। ਅੱਧੇ ਸੱਸੇ। ਅੱਧੇ ੁ ਤੱਤੇ, ੂ ਅੱਧੇ ਯੱਯੇ। ਅੱਧਾ ਜ ਬਰਾਬਰ ਹੋਵੇ ਅੱਧੇ ਯੱਯੇ ੂ ਹੇਠਾਂ ਔਂਕੜ। ਅੱਖਰ ਦੇ ਚਰਨੀਂ ਛੋਟਾ ਯੱਯਾ ਆਦਿ ਯਯੇ ਦਾ ਸ਼ੁੱਧ ਉਚਾਰਣ। ਖ਼ਾਸ ਅੱਖਰਾਂ ਦੀ ਸੂਚਨਾ ਅਤੇ ਯਯੇ ਦਾ ਸ਼ੁੱਧ ਉਚਾਰਣ ਯਯੇ ਵਾਲੇ ਅੱਖਰਾਂ ਦੇ ਅਰਥ ਗੁਰਪ੍ਰਸਾਦਿ ਅਰੰਭ:-	
੨੦	ਪਰਮਪੂਜਨੀਕ ਅੰਮ੍ਰਿਤ ਸ੍ਰੀ ਜਪੁ ਜੀ ਸਾਹਿਬ ਜੀ ਉਥਾਨਕਾ ਅਤੇ ਸ੍ਰੀ ਅਖੰਡ ਪਾਠ ਸਾਹਿਬ ਜੀ ਨਾਲ, ਪ੍ਰਕਾਸ਼ਣੇ ਕਿਉਂ ਜ਼ਰੂਰੀ ਹਨ?	
੨੧	ਆਦਿ ਅੰਗ ੧ ਤੋਂ ੮ ਸੰਪੂਰਨ ਸ੍ਰੀ ਜਪੁ ਜੀ ਸਾਹਿਬ ਜੀ ਵਿਸਰਾਮ।	
੨੨	ਸੰਪੂਰਨ ਸ੍ਰੀ ਰਹਰਾਸਿ ਸਾਹਿਬ ਜੀ ਵਿਸਰਾਮ।	
੨੩	ਮਹੱਲਾ ਉਚਾਰਨ ਬਾਰੇ ਪ੍ਰੇਮ ਬੇਨਤੀ।	
੨੪	ਸੰਪੂਰਨ ਸ੍ਰੀ ਕੀਰਤਨ ਸੋਹਿਲਾ ਸਾਹਿਬ ਜੀ ਵਿਸਰਾਮ।	
੨੫	ਗ਼ਰੀਬ ਦਾਸ ਨਿਮਾਣੇ ਵੱਲੋਂ ਮੁਆਫ਼ੀ।	

Sri Satguru Jagjit Singh Ji eLibrary NamdhariElibrary@gmail.com

ਤੱਤਕਰਾ ਰਾਗਾਂ ਦਾ

ਆਦਿ ਅੰਗ	ਗੁਰਬਾਣੀ
੧-੮	ਸ੍ਰੀ ਜਪੁ ਜੀ ਸਾਹਿਬ ਜੀ
੮-੧੪	ਸੋਦਰੁ ਰਾਗੁ ਆਸਾ ਮਹਲਾ ੧
੧੪-੯੩	ਸਿਰੀਰਾਗੁ
੯੪-੧੫੦	ਰਾਗੁ ਮਾਝ
੧੫੧-੩੪੬	ਰਾਗੁ ਗਉੜੀ
੩੪੭- ੪੮੮	ਰਾਗੁ ਆਸਾ
੪੮੯-੫੨੬	ਰਾਗੁ ਗੂਜਰੀ
੫੨੭-੫੩੬	ਰਾਗੁ ਦੇਵਗੰਧਾਰੀ
੫੩੭-੫੫੬	ਰਾਗੁ ਬਿਹਾਗੜਾ
੫੫੭-੫੯੪	ਰਾਗੁ ਵਡਹੰਸ
੫੯੫-੬੫੯	ਰਾਗੁ ਸੋਰਠਿ
੬੬੦-੬੯੫	ਰਾਗੁ ਧਨਾਸਰੀ
੬੯੬-੭੧੦	ਰਾਗੁ ਜੈਤਸਰੀ
੭੧੧-੭੧੮	ਰਾਗੁ ਟੋਡੀ
੭੧੯-੭੨੦	ਰਾਗੁ ਬੈਰਾੜੀ
੭੨੧-੭੨੭	ਰਾਗੁ ਤਿਲੰਗ
੭੨੮-੭੯੪	ਰਾਗੁ ਸੂਹੀ
੭੯੫-੮੫੮	ਰਾਗੁ ਬਿਲਾਵਲੁ
੮੫੯-੮੭੫	ਰਾਗੁ ਗੌਂਡ
੮੭੬-੯੭੪	ਰਾਗੁ ਰਾਮਕਲੀ
੯੭੫-੯੮੩	ਰਾਗੁ ਨਟਨਾਰਾਇਨ
੯੮੪-੯੮੮	ਰਾਗੁ ਮਾਲੀਗਉੜਾ
੯੮੯-੧੧੦੬	ਰਾਗੁ ਮਾਰੂ
੧੧੦੭-੧੧੧੭	ਰਾਗੁ ਤੁਖਾਰੀ
੧੧੧੮-੧੧੨੪	ਰਾਗੁ ਕੇਦਾਰਾ
੧੧੨੫-੧੧੬੭	ਰਾਗੁ ਭੈਰਉ
੧੧੬੮-੧੧੮੬	ਰਾਗੁ ਬਸੰਤੁ
੧੧੮੭-੧੨੫੩	ਰਾਗੁ ਸਾਰੰਗ

੧੨੫੪-੧੨੯੩	ਰਾਗੁ ਮਲਾਰ
੧੨੯੪-੧੩੧੮	ਰਾਗੁ ਕਾਨੜਾ
੧੩੧੯-੧੩੨੬	ਰਾਗੁ ਕਲਿਆਨ
੧੩੨੭-੧੩੫੧	ਰਾਗੁ ਪ੍ਰਭਾਤੀ
੧੩੫੨-੧੩੫੩	ਰਾਗੁ ਜੈਜਾਵੰਤੀ
੧੩੫੩-੧੩੫੩	ਸਲੋਕ ਸਹਸਕ੍ਰਿਤੀ ਮਹਲਾ ੧॥
੧੩੫੩-੧੩੬੦	ਸਲੋਕ ਸਹਸਕ੍ਰਿਤੀ ਮਹਲਾ ੫॥
੧੩੬੦-੧੩੬੧	ਗਾਥਾ ਮਹਲਾ ੫॥
੧੩੬੧-੧੩੬੩	ਫੁਨਹੇ ਮਹਲਾ ੫॥
੧੩੬੩-੧੩੬੪	ਚਉਬੋਲੇ ਮਹਲਾ ੫॥
੧੩੬੪-੧੩੭੭	ਸਲੋਕ ਭਗਤ ਕਬੀਰ ਜੀਉ ਕੇ
੧੩੭੭-੧੩੮੪	ਸਲੋਕ ਸੇਖ ਫਰੀਦ ਕੇ
੧੩੮੫-੧੩੮੯	ਮੁਖਬਾਕਿਅ- ਸਵਯੇ ਸ੍ਰੀ ਮੁਖਬਾਕ੍ ਮਹਲਾ ੫॥ ੨੦ ਸਵਈਏ
੧੩੮੯-੧੩੯੦	ਮਹਲੇ ਪਹਿਲ ਜੀ ਕੇ ੧੦ ਸਵਈਏ
੧੩੯੧-੧੩੯੨	੧੦ ਸਵਈਏ ਮਹਲੇ ਦੂਜੇ ਕੇ
੧੩੯੨-੧੩੯੬	੨੨ ਸਵਈਏ ਮਹਲੇ ਤੀਜੇ ਕੇ.
੧੩੯੬-੧੪੦੬	੬੦ ਸਵਈਏ ਮਹਲੇ ਚਉਥੇ ਕੇ
੧੪੦੬-੧੪੦੯	੨੧ ਸਵਈਏ ਮਹਲੇ ਪੰਜਵੇ ਕੇ
੧੪੧੦-੧੪੧੨	ਸਲੋਕ ਵਾਰਾਂ ਤੇ ਵਧੀਕ॥ ਮਹਲਾ ੧॥ ਜੀ ੩੩ ਸਲੋਕ
੧੪੧੩-੧੪੨੧	ਸਲੋਕ ਮਹਲਾ ੩ ਜੀ ਦੇ ੬੭ ਸਲੋਕ
੧੪੨੧-੧੪੨੪	ਸਲੋਕ ਮਹਲਾ ੪ ਜੀ ਦੇ ੩੦ ਸਲੋਕ
੧੪੨੫-੧੪੨੬	ਸਲੋਕ ਮਹਲਾ ੫ ਜੀ ੨੨ ਸਲੋਕ
੧੪੨੬-੧੪੨੯	ਸਲੋਕ ਮਹਲਾ ੯ ਜੀ ੫੭ ਸਲੋਕ ਭੋਗ ਦੇ
੧੪੨੯	ਮੁੰਦਾਵਣੀ ਮਹਲਾ ੫॥ ਥਾਲ ਵਿਚਿ. ਤਿੰਨਿ ਵਸਤੂ ਪਈਓ; ਸਤੁ ਸੰਤੋਖੁ ਵੀਚਾਰੋ॥ ਅਤੇ ਸਲੋਕ ਮਹਲਾ ੫॥ ਤੇਰਾ ਕੀਤਾ. ਜਾਤੋ ਨਾਹੀ; ਮੈਨੋ ਜੋਗੁ ਕੀਤੋਈ॥
੧੪੨੯-੧੪੩੦	ਰਾਗ ਮਾਲਾ
	ਸੰਪੂਰਨੰ।

Sri Satguru Jagjit Singh Ji eLibrary NamdhariElibrary@gmail.com

	ਬਾਰ ਬਾਰ ਪੜ੍ਹਨ ਯੋਗ ਮਹਿੰਗੇ (ਔਖੇ) ਵਿਸਰਾਮ	
ਆਦਿ ਅੰਗ	ਗੁਰਬਾਣੀ	
੩੪੦-੩੪੩	ਰਾਗੁ ਗਉੜੀ ਪੂਰਬੀ ਬਾਵਨ ਅਖਰੀ ਕਬੀਰ ਜੀਉ ਕੀ	
੫੨੬	ਭਗਤਿ ਜੈਦੇਵ ਜੀ ਦਾ ਪਦਾ:- ਪਰਮਾਦਿ ਪੁਰਖ ਮਨੋਪਿਮੰ; ਸਤਿ ਆਦਿ ਭਾਵ ਰਤੰ॥	
੭੨੧	ਯਕ ਅਰਜ ਗੁਫਤਮ. ਪੇਸਿ ਤੋ; ਦਰ ਗੋਸ ਕੁਨ ਕਰਤਾਰ॥	
੭੨੩	ਖਾਕ ਨੂਰ ਕਰਦੰ; ਆਲਮ ਦੁਨੀਆਇ॥	
੮੪੯	ਬਿਲਾਵਲ ਦੀ ਵਾਰ ਵਿਸਰਾਮ ਔਖੇ ਹਨ	
੯੭੭-੯੭੮	ਔਖੇ ਵਿਸਰਾਮ	
੧੨੦੦-੧੨੦੨	ਔਖੇ ਵਿਸਰਾਮ	
੧੨੯੧-੧੨੯੨	ਸਲੋਕ ਮਃ ੧॥ ਘਰ ਮਹਿ ਘਰੁ. ਦੇਖਾਇ ਦੇਇ; ਸੋ ਸਤਿਗੁਰੁ ਪੁਰਖੁ ਸੁਜਾਣੁ॥ ਤੋਂ ਸੇਵੀਲੇ ਗੋਪਾਲ ਰਾਇ ਅਕੁਲ ਨਿਰੰਜਨ॥ ਤੱਕ	
੧੨੯੬-੯੮	ਔਖੇ ਵਿਸਰਾਮ	
੧੩੫੩-੧੩੬੩	ਸਲੋਕ ਸਹਸਕ੍ਰਿਤੀ ਮਹਲਾ ੧, ਮਹੱਲਾ ੫	
੧੩੮੫-੧੩੮੯	ਮੁਖਬਾਕਿਅ- ਸਵਯੇ ਸ੍ਰੀ ਮੁਖਬਾਕ੍ ਮਹਲਾ ੫॥ ੨੦ ਸਵਈਏ	
੧੩੮੯-੧੩੯੦	ਮਹਲੇ ਪਹਿਲੇ ਕੇ ਸਵਈਏ	
੧੩੯੧-੧੩੯੨	੨ ਨ ਬੋਲੋ- ਸਵਈਏ ਮਹਲੇ ਦੂਜੇ ਕੇ	
੧੩੯੨-੧੩੯੬	ਸਵਈਏ ਮਹਲੇ ਤੀਜੇ ਕੇ ੩	
੧੩੯੬-੧੪੦੬	ਸਵਈਏ ਮਹਲੇ ਚਉਥੇ ਕੇ ੪	
੧੪੦੬-੧੪੦੯	ਸਵਈਏ ਮਹਲੇ ਪੰਜਵੇ ਕੇ ੫	
੧੪੨੯-੧੪੩੦	ਰਾਗ ਮਾਲਾ	

Sri Satguru Jagjit Singh Ji eLibrary NamdhariElibrary@gmail.com

੧. ਗੁਰਪ੍ਰਸਾਦਿ॥ ਵਰਤੇ ਚ੍ਹਿੰਨ ਨਿਸ਼ਾਨ:-

ਵਿੱਚ ਨੂੰ ਸੰਖੇਪ 'ਚ ਅਤੇ ਉੱਤੇ ਨੂੰ 'ਤੇ ਲਿਖਿਆ ਹੈ। ਤੁਕ ਦੇ ਅਰੰਭ 'ਚ ਪਾਠ ਪੋਲਾ ਦਰਮਿਆਨਾ ਕਸਕੇ ਬੋਲਣ ਬਾਰੇ ਦੱਸਿਆ ਹੈ, ਖ਼ਾਸ ੨ ਪਦਾਂ ਦੇ ਅਰਥ ਭੀ ਦਿਤੇ ਹਨ, ਸਮੂਹ ਪ੍ਰੇਮੀ ਸਾਰੀ ਪੋਥੀ ੧੦੧ ਵਾਰੀਂ ਪੜ੍ਹਨ, ਜਿਸ ਕਰਕੇ ਘੱਟ ਪੜ੍ਹੇ ਭੀ, ਛੇਤੀ ਤੋਂ ਛੇਤੀ ਸ਼ੁੱਧ ਅਖੰਡ ਪਾਠੀ ਬਣ ਕੇ, ਪੂਰਨ ਗੁਰੂ ਜੀ ਦੀ ਖ਼ੁਸ਼ੀ ਦੀਆਂ ਲੱਖਾਂ ਪਾਤਿਸਾਹੀਆਂ ਪ੍ਰਾਪਤਿ ਕਰ ਸਕਣ ਜੀ} { ਅੱਧੇ ਰਾਰੇ ਹੇਠਾਂ ਔਂਕੜ ਪੂਰੇ ਖ਼ਿਆਲ ਨਾਲ ਪੜ੍ਹੋ। ਬਿੰਦੀ ਜਾਂ ਅਧਕ ਲਾ ਕੇ ਬੋਲੋ ਦੱਸਿਆ ਹੈ, ਇਹ ਬੋਲਣ ਲਈ ਹੈ, ਗੁਰਬਾਣੀ ਜੀ'ਤੇ ਬਿੰਦੀ ਅਧਕ ਨਹੀਂ ਲਿਖਣੇ।} (ਸੰਤੋਖੀ=ਈਂ, ਦੋ ਲਕੀਰਾਂ ਡੈਸ਼ ਪਾ ਕੇ ਉਚਾਰਣ ਢੰਗ ਦੱਸਿਆ ਹੈ, ਪਾਠ ਇਕੱਠਾ ਸਮਝਣਾ ਜੀ, ਡੈਸ਼ ਤੋਂ ਖੱਬੇ, ਪਹਿਲਾ ਪਦ ਬੋਲ ਕੇ ਅਗਲਾ ਪਦ ਬੋਲਣਾ, ਉਚਾਰਨ ਦੱਸਣ ਲਈ ਹਨ, ਸੰਤੋਖੀ=ਈਂ ਇਕੱਠਾ ਹੈ।) ਤੁਕ ਸਮਾਪਤੀ ਤੋਂ। ਹੱਦ, ਕੌਮੇ ਦੀ ਵਰਤੋਂ ਭੀ ਹੈ। ਤੁਕ ਸੰਪੂਰਨਤਾ'ਤੇ ਬੰਦ ਬਰੈਕਟ) ਦਾ ਭਾਵ ਅਗਲੀ ਤੁਕ ਹੋਰ ਹੈ। ਅਰਥ ਗਿਣਤੀ ਲਈ ੧.੨.ਹੈ। ਤੁਕ ਸ਼ੁਰੂ'ਚ ਪਾਠ ਦੱਸੇ ਹਨ। ਤੁਕ ਸੰਪੂਰਨਤਾ'ਤੇ॥ ਦੋ ਹੱਦਾਂ ਹਨ। ਤੁਕ ਵਿਚਾਲੇ ਇਹ; ਅਰਧ ਵਿਸ਼ਰਾਮ ਹੈ। ਅਰਧ ਵਿਸ਼ਰਾਮ'ਤੇ ਠਹਿਰਨਾ ਹੈ। ਕੇਵਲ ਅਰਥ ਸਮਝਾਉਣ ਲਈ, ਕੌਮੇ ਦੀ ਵਰਤੋਂ ਕੀਤੀ ਹੈ, ਕੌਮੇ ਨੂੰ ਜਮਕੀ ਕਹਿੰਦੇ ਹਨ। ਕੌਮੇ'ਤੇ ਠਹਿਰਨਾ ਨਹੀਂ, ਅਰਥ ਸਮਝਣ ਲਈ ਹੈ। ਕੌਮੇ ਤੋਂ ਪਹਿਲੇ ਤੇ ਮਗਰਲੇ ਪਦ ਅੱਡ ੨ ਪੜ੍ਹਨੇ। ਬਿੰਦੀ.ਨਿਸ਼ਾਨੀ ਠਮਕੀ ਹੈ, ਉੱਥੇ ਠਹਿਰਨਾ ਨਹੀਂ, ਅਰਥ ਜਨਾਉਣ ਲਈ ਹੈ। ਗੁਰਬਾਨੀ ਪਦ 'ਤੇ ੧, ੨ ਨੰਬਰ ਪਾ ਕੇ, ਤੁਕ ਦੇ ਅਰੰਭ 'ਚ ੧, ੨ ਅਰਥ ਹਨ। ਜਿੱਥੇ ਇੱਕ ਅਰਥ ਪਿੱਛੋਂ ਦੂਜਾ ਅਰਥ ਹੋਵੇ, ਉੱਥੇ ਅਥਵਾ ਜਾਂ ਵਾ ਹੈ। ਪਿਛਲੇ ਸਮੇਂ 'ਚ ਬਚਨ ਕਰਦਿਆਂ, 'ਹੈ' 'ਹਨ' ਹਨ, " "ਪੁੱਠੇ ਸਿੱਧੇ ਕੌਮੇ ਹਨ। ਖ਼ੁਸ਼ੀ ਗ਼ਮੀ ਸੰਬੋਧਨ ਸਮੇਂ ! ਵਿਸਮਕ ਹੈ। ਪ੍ਰਸ਼ਨ ਨਿਸ਼ਾਨੀ ?।} ਅੱਸਾ ਐੜੇ 'ਤੇ ਅਧਿਕ ਦਾ ਭਾਵ ਹੈ ਆਸਾ ਕਸਕੇ ਬੋਲੋ, ਸੋ ਜਿੱਥੇ ਅਧਿਕ ਲਾ ਕੇ ਪਾਠ ਦੱਸਿਆ ਹੋਵੇ ਸੋ ਕਸਕੇ ਬੋਲਣਾ। ਪੜ੍ ਦੇ ਪੈਰ 'ਚ ਹਲੰਤ ਦੀ ਇਹ ੍ ਨਿਸ਼ਾਨੀ ਹੈ, ਇਸ ਨਾਲ ਅੱਖਰ ਭਾਰਾ ਬੋਲਦਾ ਹੈ, ਅਰਥ ਹੈ ਬ੍ਰਹਮਵਿੱਦਿਆ ਪੜ੍। ਪੜ ਅਰਥ ਹੈ ਪੈ, ਡਿੱਗ, ਪੜ ੜਾੜੇ ਪੈਰ ਹਲੰਤ ਨਹੀਂ ਲਾਉਣਾ, ਭਾਵ ੜਾੜਾ ਭਾਰਾ ਨਹੀਂ ਕਰਨਾ। ਹਰ ਤੁਕ ਤੋਂ ਪਹਿਲਾਂ ਇਹ – ਡੈਸ਼ ਹੈ) ਗੁਰਬਾਣੀ ਜੀ'ਚ ਅਸਟਪਦੀ ਅਤੇ ਸਬਦ ਦੇ ਸੱਸੇ ਪੈਰ ਬਿੰਦੀ ਕਿਤੇ ਭੀ ਨਹੀਂ) ਤੁਕ ਸੰਪੂਰਨਤਾ 'ਤੇ ੨ ਪਾ ਕੇ ਦੋ ਨੰਬਰ ਪਾਠ ਦੱਸਿਆ ਹੈ, ਮੁਖ ਪਾਠ ਤੁਕ ਵਾਲਾ ਹੀ ਸਮਝਣਾ। ਦੱਦਾ ਮੁਕਤਾ ਬੋਲ ਕੇ, ਯਈਆ ਚੰਗੀ ਤਰ੍ਾਂ ਸਵਾਰ ਕੇ, ਔਂਕੜ ਸਹਿਤ ਦ=ਯੁ ਬੋਲੋ। ਹਰ ਤੁਕ ਦੇ ਅਰੰਭ 'ਚ, ਪਦਾਂ 'ਤੇ ਅੰਕ ਪਾ ਕੇ ਅਰਥ ਲਿਖੇ ਹਨ, ਅਰਥ ਦੇ ਅਧਾਰ 'ਤੇ ਪਦ ਦਰਮਿਆਨਾ ਪੋਲਾ, ਅਧਿਕ ੱ ਲਾ ਕੇ ਕਸਕੇ ਬੋਲਣ ਲਈ ਕਿਹਾ ਹੈ, ਜਿਸ ਕਰਕੇ ਸ਼ੁੱਧ ਉਚਾਰਣ ਹੋ ਸਕੇ। ਬਿੰਦੀ ਜਾਂ ਅਧਕ ਲਾ ਕੇ ਬੋਲੋ ਦੱਸਿਆ ਹੈ, ਇਹ ਬੋਲਣ ਲਈ ਹੈ, ਗੁਰਬਾਣੀ ਜੀ'ਤੇ ਬਿੰਦੀ ਅਧਕ ਨਹੀਂ ਲਿਖਣੇ। ਤੁਕ ਸੰਪੂਰਨਤਾ 'ਤੇ,) ਇਸ ਅੱਧੇ ਬ੍ਰੈਕਟ ਦੀ ਵਰਤੋਂ ਦਾ ਭਾਵ ਬ੍ਰੈਕਟ ਤੋਂ ਪਹਿਲਾਂ ਉੱਪਰ ਸਿੱਖਿਆ ਪੂਰੀ ਹੋ ਗਈ। ਬ੍ਰੈਕਟ ਮਗਰੋਂ ਅਗਲੀ ਤੁਕ ਬਾਰੇ ਸ਼ੁਭ ਸਿੱਖਿਆ ਹੈ। ਮਃ ਗੋਲ ਬਿੰਦੀਆਂ ਨੂੰ ਵਸਰਗਾਂ ਕਹਿੰਦੇ ਹਨ, ਮਃ ਨੂੰ ਮਹੱਲਾ ਪੜ੍ਹਨਾ।) ਜਿਵੇਂ ਦਰ ਦੀ ਦੇਲ੍ਹੀ 'ਤੇ ਦੀਵਾ ਰੱਖਿਆ ਅੰਦਰ ਬਾਹਰ ਚਾਨਣ ਕਰਦਾ ਹੈ, ਜਿਹੜਾ ਅੱਖਰ ਤੁਕ ਦੇ ਸਾਰੇ ਪਦਾਂ ਨਾਲ਼ ਸਬੰਧ ਰੱਖਦਾ ਹੋਵੇ, ਉਹ ਦੇਲ੍ਹੀ ਦੀਪਕ ਹੈ, ਓੱਥੇ ਵਿਸਰਾਮ ਦੀ ਲੋੜ ਨਹੀਂ, ਜਿਵੇਂ ਨ ਦੇਲ੍ਹੀ ਦੀਪਕ ਹੈ– ਸੇਵਾ ਸਾਧ ਨ ਜਾਨਿਆ ਹਰਿ ਰਾਇਆ॥) ਸਭਿ ਅਧ੍ਰੁਵ ਡਿਠੇ ਜੀਉ; ਤਾ ਚਰਨ ਕਮਲ ਚਿਤੁ ਲਾਇਆ॥ ਅੱਧੇ

Sri Satguru Jagjit Singh Ji eLibrary NamdhariElibrary@gmail.com

ਰਾਰੇ ਹੇਠਾਂ ਔਂਕੜ ਦੁਲੈਂਕੜ. ਪੂਰੇ ਖ਼ਿਆਲ ਨਾਲ ਪੜ੍ਹੋ। (ਪਰਮ+ਗਤਿ) +ਜਮ੍ਹਾਂ ਨਿਸ਼ਾਨੀ.ਅਰਥ ਦੱਸਣ ਲਈ ਹੈ।) {} ਇਸ ਬ੍ਰੈਕਟ'ਚ ਪ੍ਰੇਮ ਪ੍ਰਚਾਰ ਹੈ। ਅਰਥ ਗਿਣਤੀ ਲਈ ੧.੨.ਹੈ। । ਵਾਰਤਿਕ 'ਚ ਅੱਖਰ ਸਾਹਮਣੇ ੨, ੩ ਆਉਣ, ਦੋ ਜਾਂ ਤਿੰਨ ਵਾਰ ਪੜ੍ਹਨਾ। ਜਿਵੇਂ ਵਾਹਿਗੁਰੂ ੨, ਨੂੰ ਵਾਹਿਗੁਰੂ ਵਾਹਿਗੁਰੂ ਪੜ੍ਹਨਾ। ਚਿੰਨ੍ ਨਿਸ਼ਾਨ ਸੰਪੂਰਨੰ।

੨. {ਧੰਨ ਹਨ ਧੰਨ ਹਨ ਪਰਮਪੂਜਨੀਕ ਸੱਚੇ ਸਤਿਗੁਰੂ ਵਾਹਿਗੁਰੂ ਸ੍ਰੀ ਗੁਰੂ ਅਰਜਨਦੇਵ ਸਾਹਿਬ ਜੀ ਧੰਨ ਹਨ! ਹੁਣ ਉੱਬਲਦੀ ਦੇਗ'ਚ ਚੌਂਕੜਾ ਲਾ ਰਹੇ ਹਨ। ਹੁਣ ਮੱਚਦੇ ੨ ਰੇਤੇ 'ਤੇ ਬੈਠ ਰਹੇ ਹਨ, ਹੁਣ ਮੱਚਦਾ ੨ ਰੇਤਾ ਆਪਣੇ ਪਰਮਪਵਿੱਤ੍ਰ ਪਰਮਪੂਜਨੀਕ ਸ਼ੁਭ ਸੱਚੇ ਸੁੱਚੇ ਉੱਚੇ ਮਹਾਨ ਪਰਉਪਕਾਰੀ ਸੀਸ'ਤੇ ਹੁਣ ਪੁਆ ਰਹੇ ਹਨ, ਹੁਣ ਮੱਚਦੀ ੨ ਲੋਹ'ਤੇ ਖੜ੍ ਰਹੇ ਹਨ।

ਧਰਮ ਹੇਤ; ਸਾਕਾ ਜਿਨਿ ਕੀਆ॥ ਸੀਸੁ ਦੀਆ; ਪਰੁ.ਸਿਰਰੁ ਨ ਦੀਆ॥ ਧੰਨ ਹਨ ਧੰਨ ਹਨ ਧੰਨ, ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਤੇਗਬਹਾਦਰ ਸਾਹਿਬ ਜੀ ਧੰਨ ਹਨ, ਹੁਣ ਲੋਹੇ ਦੇ ਤੰਗ ਪਿੰਜਰੇ 'ਚ ਤਿੱਖੇ ਕਿੱਲਾਂ ਵਿਚਕਾਰ ਬੈਠੇ, ਵਾਹਿਗੁਰੂ ਵਾਹਿਗੁਰੂ ਜਪ ਰਹੇ ਹਨ। ਹੁਣ ਸੀਸ ਕੁਰਬਾਨ ਕਰ ਰਹੇ ਹਨ। ਆਪ ਜੀ ਦਾ ਸ਼ਹੀਦ ਹੋਇਆ ਸੀਸ, ਹੁਣ ਦਾਸਨ ਦਾਸੀ ਦੇ ਸਿਰ 'ਤੇ ਸਜ ਰਿਹਾ ਹੈ।}

੩. ਮੂਰਤਿ ਪੰਚ ਪ੍ਰਮਾਣ ਪੁਰਖੁ; ਗੁਰੁ ਅਰਜੁਨੁ.ਪਿਖਹੁ ਨਯਣ॥ ੧॥) ਪਾਰਬ੍ਰਹਮ ਪੂਰਨ ਗੁਰਦੇਵ॥ ਪਰਮਪੂਜਨੀਕ ਧੰਨ ਵਾਹਿਗੁਰੂ ਸੱਚੇ ਸਤਿਗੁਰੂ ਸ੍ਰੀ ਗੁਰੂ ਅਰਜਨਦੇਵ ਸਾਹਿਬਜੀ ਦੀ ਪਰਮ ਵੈਰਾਗਮਈ ਸ਼ਹੀਦੀ ਦੇ, ਪੂਰਨ ਅਗਮ ਅਗਾਧ ਵੈਰਾਗਮਈ ਜਸ ਜਾਪ ਅਸਤੋਤ੍ਰ ਦੁਆਰਾ, ਵਾਹਿਗੁਰੂ ਗੁਰਮੰਤ੍ਰ ਹੈ; ਜਪਿ ਹਉਮੈ ਖੋਈ। ਵਾਹਿਗੁਰੂ ਮੰਤ੍ਰ ਜੀ ਦੇ ਅਰਥ ਪੜ੍ਹੋ ਜੀ:- {ਧੰਨ ਹਨ ਧੰਨ ਹਨ ਪਰਮਪੂਜਨੀਕ ਸੱਚੇ ਸਤਿਗੁਰੂ ਵਾਹਿਗੁਰੂ ਸ੍ਰੀ ਗੁਰੂ ਅਰਜਨਦੇਵ ਸਾਹਿਬ ਜੀ ਧੰਨ ਹਨ! ਹੁਣ ਉੱਬਲਦੀ ਦੇਗ'ਚ ਚੌਂਕੜਾ ਲਾ ਰਹੇ ਹਨ। ਹੁਣ ਮੱਚਦੇ ੨ ਰੇਤੇ 'ਤੇ ਬੈਠ ਰਹੇ ਹਨ, ਹੁਣ ਮੱਚਦਾ ੨ ਰੇਤਾ ਆਪਣੇ ਪਰਮਪਵਿੱਤ੍ਰ ਪਰਮਪੂਜਨੀਕ ਸ਼ੁਭ ਸੱਚੇ ਸੁੱਚੇ ਉੱਚੇ ਮਹਾਨ ਪਰਉਪਕਾਰੀ ਸੀਸ'ਤੇ ਹੁਣ ਪੁਆ ਰਹੇ ਹਨ, ਹੁਣ ਮੱਚਦੀ ੨ ਲੋਹ'ਤੇ ਖੜ੍ ਰਹੇ ਹਨ।

ਵਾਹਿਗੁਰੂ॥ ਜਿਨੀ. ਤੁਧਨੋ ਧੰਨੁ ਕਹਿਆ; ਤਿਨ ਜਮੁ.ਨੇੜਿ ਨ ਆਇਆ॥) ਜੇ ਕੋ ਜੀਉ ਕਹੈ ਓਨ੍ਹਾ ਕਉ; ਜਮ ਕੀ ਤਲਬ. ਨ ਹੋਈ॥ ਅਨੁਸਾਰ ਧੰਨ ਹਨ ਧੰਨ ਹਨ ਧੰਨ ਹਨ ਵਾਹਿਗੁਰੂ, ਪਰਮਪੂਜਨੀਕ ਸੱਚੇ ਸਤਿਗੁਰੂ, ਕੁਲਿ ਸੋਢੀ ਗੁਰ ਰਾਮਦਾਸ ਤਨੁ; ਧਰਮ ਧੁਜਾ.ਅਰਜੁਨੁ ਹਰਿ ਭਗਤਾ॥ ਸਾਹਿਬਜੀ ਧੰਨ ਹਨ! ਆਪਜੀ ਨੇ ਆਪਣੇ ਨਿਰਗੁਨ ਸਰੂਪ ਦੁਆਰਾ, ਬੇਅੰਤ ਸਮੁੰਦ੍ ਰਚੇ ਹਨ। ਆਪਜੀ ਦੀਆਂ ਰਚੀਆਂ ਅਨੰਤ ਧਰਤੀਆਂ, ਅਨੰਤ ਖਾਣੀਆਂ ਅਨੰਤ ਅਕਾਸਾਂ, ਅਨੰਤ ਹਵਾਵਾਂ, ਕੋਟਿ ਬ੍ਰਹਮੰਡ ਦੀ ਰਚਨਾ'ਚ ਆਪ ਜੀ ਦਾ ਰਚਿਆ ਕ੍ਰੋੜਾਂ ਤਰ੍ਹਾਂ ਦਾ ਪਾਣੀ ਹੈ, ਪ੍ਰਭ ਤੂ ਠਾਕੁਰੁ ਸਰਬ ਪ੍ਰਤਿਪਾਲਕੁ; ਪਰਮਪੂਜਨੀਕ ਸੱਚੇ ਸਤਿਗੁਰੂ ਅਰਜਨਦੇਵ ਸਾਹਿਬਜੀ ਦੇ ਭਉ ਕਰਕੇ, ਪਾਣੀ.ਰਚਨਾ ਨੂੰ ਆਪਣੇ'ਚ ਡੁਬੋ ਨਹੀਂ ਸਕਦਾ। ਥੋੜ੍ ਜਿਹੇ ਪਾਣੀ'ਚ ਕਿਤਨੇ ਤੁਪਕੇ ਹੁੰਦੇ ਹਨ, ਕੋਟਾਨ ਕੋਟਿ ਬ੍ਰਹਮੰਡਾਂ ਦੇ ਕੋਟਾਨਿ ਕੋਟਿ ਸਮੁੰਦ੍ਰਾਂ ਨਦੀਆਂ ਦਰਿਆਵਾਂ ਨੱਦਾਂ'ਚ ਕ੍ਰੋੜਾਂ ਤਰ੍ਹਾਂ ਦਾ ਪਾਣੀ ਹੈ। ਕਈ ਕੋਟਿ; ਪਵਣ ਪਾਣੀ ਬੈਸੰਤਰ॥) ਅਨਿਕ ਪਵਨ ਪਾਵਕ ਅਰੁ ਨੀਰ॥ ਕੋਟਾਨਿ ਕੋਟਿ ਤਰ੍ਹਾਂ ਦੇ ਪਾਣੀ ਦੇ ਤੁਪਕਿਆਂ ਸਮੇਤ, ਕ੍ਰੋੜਾਂ ਬ੍ਰਹਮੰਡਾਂ ਦੇ ਪਸਾਰੇ ਆਪਣੇ ਸਰਗੁਨ ਸਰੂਪ ਜੀ'ਚ ਵਸ ਕੇ, ਇਸ ਨੂੰ ਆਪਣੇ ਆਸਰੇ ਟਿਕਾ ਕੇ, ਇਸ ਆਪਣੇ ਸਰਗੁਨ ਜੀ ਸਮੇਤ, ਸਤਿ ਸੰਤੋਖ ਸ਼ੁਭ ਗੁਣਾਂ ਦੇ ਅਨਤ

Sri Satguru Jagjit Singh Ji eLibrary NamdhariElibrary@gmail.com

ਕਲਾਵਾਨ ਤੇਜ਼ ਪ੍ਰਕਾਸ਼ ਸਹਿਤ, ਵਾਹਿਗੁਰੂ ਹਰ ਪ੍ਰਾਣੀ ਦੇ ਅੰਦਰ ਬਾਹਰ ਹਰ ਸਮੇਂ ਭਰਪੂਰ ਪ੍ਰਕਾਸ਼ਕ ਨਿਰਗੁਨ ਬ੍ਰਹਮਜੀ, ਗਾਵਹਿ ਤੁਹਨੋ.ਪਉਣੁ ਪਾਣੀ ਬੈਸੰਤਰੁ; ਗਾਵੈ ਰਾਜਾ ਧਰਮੁ ਦੁਆਰੇ॥ ਅਨੁਸਾਰ ਹਰ ਸਮੇਂ ਨਿਰਗੁਨ ਬ੍ਰਹਮ ਜੀ ਗਾ ਜਪ ਧਿਆ ਰਹੇ ਹਨ। ਤਖਤਿ ਬੈਠਾ ਅਰਜਨ ਗੁਰੂ; ਸਤਿਗੁਰ ਕਾ ਖਿਵੈ ਚੰਦੋਆ॥ ਉਗਵਣਹੁ ਤੈ ਆਥਵਣਹੁ; ਚਹੁ ਚਕੀ ਕੀਅਨੁ ਲੋਆ॥ ਧੰਨ ਹਨ ਧੰਨ ਹਨ ਧੰਨ ਹਨ ਵਾਹਿਗੁਰੂ ਸੱਚੇ ਸਤਿਗੁਰੂ ਸ੍ਰੀ ਗੁਰੂ ਅਰਜਨਦੇਵ ਸਾਹਿਬਜੀ ਧੰਨ ਹਨ, ਹੁਣ ਸੜਦੀ ਬਲਦੀ ਲੋਹ'ਤੇ ਖੜ੍ ਰਹੇ ਹਨ। ਇਤਨੇ ਭਾਰੀ ਕਸ਼ਟਾਂ ਸਮੇਂ ਭੀ ਕਰਤਾਰ ਜੀ ਦੇ ਗੁਣ ਹੀ ਗਾਉਂਦੇ ਰਹੇ। ਮੀਤੁ ਹਮਾਰਾ.ਵੇਪਰਵਾਹਾ॥ ਗੁਰ ਕਿਰਪਾ ਤੇ; ਮੋਹਿ ਅਸਨਾਹਾ॥) ਮੀਤੁ ਕਰੈ; ਸੋਈ ਹਮ ਮਾਨਾ॥ ਮੀਤ ਕੇ ਕਰਤਬ; ਕੁਸਲ ਸਮਾਨਾ॥) ਤੈ ਜਨਮਤ; ਗੁਰਮਤਿ ਬ੍ਰਹਮੁ ਪਛਾਣਿਓ॥ ਸ਼ਹੀਦਾਂ ਦੇ ਸਿਰਤਾਜ ਪਰਮਪੂਜਨੀਕ ਸੱਚੇ ਸਤਿਗੁਰੂ ਪ੍ਰਭੂ ਪੰਜਵੇਂ ਪਾਤਿਸ਼ਾਹਜੀ ਫ਼ੁਰਮਾਉਂਦੇ ਹਨ:-ਦਾਸਨ ਦਾਸ ਦੇ (ਮੀਤੁ) ਮਿੱਤ੍ ਵਾਹਿਗੁਰੂ ਜੀ, ਜੋ ਕੁੱਝ ਭੀ (ਕਰੈ) ਕਰਦੇ ਹਨ, (ਹਮ) ਦਾਸਨ ਦਾਸ ਗ੍ਰੀਬ, ਉਨ੍ਹਾਂ ਦੇ ਭਾਣੇ'ਚ ਪ੍ਰਸੰਨ ਰਹਿ ਕੇ, (ਸੋਈ) ਉਸ ਨੂੰ ਸਤਿ ਮਿੱਠਾ (ਮਾਨਾ) ਮੰਨਦਾ ਹੈ, ਦਾਸਨ ਦਾਸ ਨੂੰ (ਮੀਤ) ਅਕਾਲ ਪੁਰਖ ਵਾਹਿਗੁਰੂਜੀ (ਕੇ) ਦੇ (ਕਰਤਬ) ਕੌਤਕ (ਕੁਸਲ) ਸੁਖ ਅਨੰਦ ਦੇ (ਸਮਾਨਾ) ਬਰਾਬਰ ਹਨ। ਵਾਹਿਗੁਰੂ ਮਹੱਲਾ ਪੰਜਵਾਂ ਜੀ ਆਪਣੇ ਨਿਰਗੁਨ ਸਰੂਪ'ਚੋਂ, ਅਨੰਤ ਸਮੁੰਦ੍ਰਾਂ ਨੂੰ ਸਾਜਣ ਵਾਲੇ, ਨਿਰਗੁਨ ਸਰੂਪ ਆਪ ਇਨ੍ਹਾਂ'ਚ ਵਸ ਕੇ, ਇਨ੍ਹਾਂ ਦਾ ਆਸਰਾ ਰੂਪ ਭੀ ਆਪਜੀ ਆਪ ਹੀ ਹਨ। ਜਦੋਂ ਚਾਹੁਣ ਇਨ੍ਹਾਂ ਨੂੰ ਆਪਣੇ'ਚ ਲੀਨ ਕਰ ਲੈਂਦੇ ਹਨ।

ਅਨਿਕ ਰੂਪ ਰੰਗ ਬ੍ਰਹਮੰਡ॥ ਅਨੁਸਾਰ ਅਨੰਤ ਬ੍ਰਹਮੰਡਾਂ'ਚ, ਅਨੰਤ ਤਰ੍ਾਂ ਦੀ ਹਵਾ ਸਹਿਤ, ਕ੍ਰੋੜਾਂ ਬ੍ਰਹਮੰਡਾਂ ਦੇ ਪਸਾਰੇ, ਆਪਣੇ ਸਰਗੁਨ ਸਰੂਪ'ਚ ਵਸ ਕੇ, ਇਸ ਨੂੰ ਆਪਣੇ ਆਸਰੇ ਟਿਕਾ ਕੇ, ਇਸ ਸਰਗੁਨ ਸਮੇਤ, ਸਤਿ ਸੰਤੋਖ ਨਿਮ੍ਰਤਾ ਗ੍ਰੀਬੀ ਖਿਮਾ ਸਹਨਸੀਲਤਾ ਧੀਰਜ ਅਨੰਤ ਗੁਣਾਂ ਦੇ ਅਨਤ ਕਲਾਵਾਨ ਤੇਜ਼ ਪ੍ਰਕਾਸ਼ ਸਹਿਤ, ਹਰ ਪ੍ਰਾਣੀ ਦੇ ਅੰਦਰ ਬਾਹਰ ਹਰ ਸਮੇਂ ਅਜਪਾ ਜਾਪ ਕਰ ਰਹੇ, ਭਰਪੂਰ ਪ੍ਰਕਾਸ਼ਕ ਨਿਰਗੁਨ ਬ੍ਰਹਮਜੀ, ਜੀਅ ਪ੍ਰਾਨ ਮਾਨ ਸੁਖਦਾਤਾ; ਅੰਤਰਜਾਮੀ ਮਨ ਕੋ ਭਾਵਨ॥ ਵਾਹਿਗੁਰੂ ਸੱਚੇ ਸਤਿਗੁਰੂ ਅਰਜਨਦੇਵ ਸਾਹਿਬਜੀ ਦਾ ਅੱਠੇ ਪਹਿਰ ਜਾਪ ਕਰਦੇ ਹਨ। ਆਠ ਪਹਰ; ਤੁਧੁ ਜਾਪੇ ਪਵਨਾ॥ ਧਰਤੀ ਸੇਵਕ; ਪਾਇਕ ਚਰਨਾ॥ ਖਾਣੀ ਬਾਣੀ ਸਰਬ ਨਿਵਾਸੀ; ਸਭਨਾ ਕੈ ਮਨਿ ਭਾਵਣਿਆ॥) ਗੁਪਤ ਪ੍ਰਗਟ.ਜਾ ਕਉ ਅਰਾਧਹਿ; ਪਉਣ ਪਾਣੀ ਦਿਨਸੁ ਰਾਤਿ॥) ਗਾਵਹਿ ਤੁਹਨੋ.ਪਉਣੁ ਪਾਣੀ ਬੈਸੰਤਰੁ; ਗਾਵੈ ਰਾਜਾ ਧਰਮੁ ਦੁਆਰੇ॥

ਅਨੇਕ ਰੰਗਾਂ ਦੇ ਮਾਲਕ, ਕਲਜੁਗਿ.ਜਹਾਜੁ ਅਰਜੁਨੁ ਗੁਰੂ; ਸਗਲ ਸ੍ਰਿਸ੍ਰਿ ਲਗਿ.ਬਿਤਰਹੁ॥ ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਅਰਜਨਦੇਵ ਸਾਹਿਬਜੀ ਖ਼ੁਸ਼ੀ ਗਮੀ ਤੋਂ ਨਿਆਰੇ ਹਨ। ਅਨਿਕ ਰੰਗ ਜਾ ਕੇ; ਗਨੇ ਨ ਜਾਹਿ॥ ਸੋਗ ਹਰਖ ਦੁਹਹੂ ਮਹਿ ਨਾਹਿ॥ ਜਿਨ੍ਹਾਂ ਦੇ ਪਰਮਪੂਜਨੀਕ ਸੱਚੇ ਦੁਆਰੇ ਤੇ ਅਨੇਕਾਂ ਬ੍ਰਹਮੇ, ਵੇਦਾਂ ਦੀ ਧੁਨ ਉਚਾਰਦੇ ਹਨ। ਅਨਿਕ ਬ੍ਰਹਮੇ; ਜਾ ਕੇ ਬੇਦ ਧੁਨਿ ਕਰਹਿ॥) ਕੋਟਿ ਬਿਸਨ; ਕੀਨੇ ਅਵਤਾਰ॥ ਕੋਟਿ ਬ੍ਰਹਮੰਡ; ਜਾ ਕੇ ਧ੍ਰਮਸਾਲ॥ ਕੋਟਿ ਮਹੇਸ; ਉਪਾਇ ਸਮਾਏ॥ ਕੋਟਿ ਬ੍ਰਹਮੇ; ਜਗੁ ਸਾਜਣ ਲਾਏ॥ ੧॥ ਐਸੋ ਧਣੀ; ਗੋਵਿੰਦੁ ਹਮਾਰਾ॥ ਬਰਨਿ ਨ ਸਾਕਉ; ਗੁਣ ਬਿਸਥਾਰਾ॥) ਪਰਤਛਿ ਰਿਦੈ.ਗੁਰ ਅਰਜੁਨ ਕੈ; ਹਰਿ ਪੂਰਨ ਬ੍ਰਹਮਿ. ਨਿਵਾਸੁ ਲੀਅਉ॥ ਅਨੁਸਾਰ ਆਪਜੀ ਨੇ ਅਨੇਕਾਂ ਹੀ ਬ੍ਰਹਮੇ ਸ੍ਰਿਸਟੀ ਨੂੰ ਸਾਜਣ ਲਾਏ ਹਨ। ਕੋਟਾਨਿ ਕੋਟਿ ਬ੍ਰਹਮਿਆਂ ਸਹਿਤ ਕ੍ਰੋੜਾਂ ਬ੍ਰਹਮੰਡਾਂ ਦੇ ਪਸਾਰੇ, ਆਪਣੇ ਸਰਗੁਨ ਸਰੂਪ ਜੀ'ਚ ਵਸ ਕੇ, ਇਸ ਨੂੰ ਆਪਣੇ ਆਸਰੇ ਟਿਕਾ ਕੇ,

Sri Satguru Jagjit Singh Ji eLibrary NamdhariElibrary@gmail.com

ਆਪਣੇ ਇਸ ਸਰਗੁਨ ਸਰੂਪ ਸਮੇਤ, ਸਭਨੀ ਥਾਈ; ਰਵਿਆ ਆਪਿ॥ ਆਦਿ ਜੁਗਾਦਿ; ਜਾ ਕਾ ਵਡ ਪਰਤਾਪੁ॥ ਸਤਿ ਸੰਤੋਖ ਸ਼ੁਭ ਗੁਣਾਂ ਦੇ ਅਨਤ ਕਲਾਵਾਨ ਤੇਜ਼ ਪ੍ਰਕਾਸ਼ ਸਹਿਤ ਪਰਮਪੂਜਨੀਕ ਵਾਹਿਗੁਰੂ ਹਰ ਪ੍ਰਾਣੀ ਦੇ ਅੰਦਰ ਬਾਹਰ ਹਰ ਸਮੇਂ ਭਰਪੂਰ ਪ੍ਰਕਾਸ਼ਕ ਨਿਰਗੁਨ ਬ੍ਰਹਮਜੀ, ਗਾਵਹਿ ਈਸਰੁ ਬਰਮਾ ਦੇਵੀ; ਸੋਹਨਿ ਸਦਾ ਸਵਾਰੇ॥ ਅਨੁਸਾਰ ਹਰ ਸਮੇਂ ਗਾ ਧਿਆ ਜਪ ਰਹੇ ਹਨ। ਧੰਨ ਹਨ ਧੰਨ ਹਨ ਧੰਨ ਹਨ ਵਾਹਿਗੁਰੂ ਸੱਚੇ ਸਤਿਗੁਰੂ ਅਰਜਨਦੇਵ ਸਾਹਿਬਜੀ ਧੰਨ ਹਨ, ਹੁਣ ਉੱਬਲ਼ਦੀ ਦੇਗ਼ ਅੰਦਰ, ਅਬਿਨਾਸੀ ਸੁਖ; ਆਪਨ ਆਸਨ॥ ਚੌਂਕੜਾ ਲਾ ਰਹੇ ਹਨ। ਰੋਮ ੨ ਕਰਕੇ ਹਰਿ ਜੀ ਨੂੰ ਧਿਆ ਰਹੇ ਹਨ। ਗੁਰਮੁਖਿ; ਰੋਮਿ ਰੋਮਿ ਹਰਿ ਧਿਆਵੈ॥

ਕਰਤਾ ਪੁਰਖ ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਪੰਜਵੇਂ ਪਾਤਿਸ਼ਾਹਜੀ ਨੇ, ਆਪਨੇ ਪਰਮ ਪਾਕ ਨਿਰਗੁਨ ਸਰੂਪ ਜੀ'ਚੋਂ, ਹੁਕਮੀ; ਸਹਜੇ ਸ੍ਰਿਸਟਿ ਉਪਾਈ॥ ਅਨੁਸਾਰ ਸਹਿਜੇ ਹੀ, ਅਨਿਕ ਪਵਨ ਪਾਵਕ ਅਰੁ ਨੀਰ॥) ਕਈ ਕੋਟਿ; ਪਵਣ ਪਾਣੀ ਬੈਸੰਤਰ॥ ਅਨੁਸਾਰ ਕੋਟਾਨ ਕੋਟਿ ਤਰ੍ਹਾਂ ਦੀ ਅਗਨੀ ਰਚੀ ਹੈ, ਨਿਰਗੁਨ ਸਰੂਪ ਜੀ ਇਸ ਦੇ ਪ੍ਰਕਾਸ਼ਕ ਆਸਰਾ, ਇਸ 'ਚ ਵਸ ਰਹੇ ਹਨ। ਜਦੋਂ ਚਾਹੁਣ ਇਸ ਨੂੰ ਸਮਾਪਤ ਕਰ ਲੈਂਦੇ ਹਨ। ਭਣਤਿ ਨਾਨਕੁ.ਜਬ ਖੇਲ ਉਝਾਰੈ; ਤਬ ਏਕੈ ਏਕੰਕਾਰਾ॥

ਕੋਟਾਨਿ ਕੋਟਿ ਅਗਨੀਆਂ ਸਹਿਤ, ਕ੍ਰੋੜਾਂ ਬ੍ਰਹਮੰਡਾਂ ਦੇ ਪਸਾਰੇ ਆਪਣੇ ਸਰਗੁਨ ਸਰੂਪ ਜੀ'ਚ ਵਸ ਕੇ, ਇਸ ਨੂੰ ਆਪਣੇ ਆਸਰੇ ਟਿਕਾਅ ਕੇ, ਆਪਣੇ ਇਸ ਸਰਗੁਨ ਸਰੂਪ ਸਮੇਤ, ਸਤਿ ਸੰਤੋਖ ਸ਼ੁਭ ਗੁਣਾਂ ਦੇ ਅਨਤ ਕਲਾਵਾਨ ਤੇਜ਼ ਪ੍ਰਕਾਸ਼ ਸਹਿਤ ਪਰਮਪੂਜਨੀਕ ਵਾਹਿਗੁਰੂ, ਰੂਪੁ ਨ ਰੇਖ.ਨ ਰੰਗੁ ਕਿਛੁ; ਤ੍ਰਿਹੁ ਗੁਣ ਤੇ.ਪ੍ਰਭ ਭਿੰਨ॥ ਨਿਰਗੁਨ ਬ੍ਰਹਮਜੀ, ਪਉਣੁ ਪਾਣੀ ਬੈਸੰਤਰੋ; ਹੁਕਮਿ ਕਰਹਿ ਭਗਤੀ॥ ਅਨੁਸਾਰ. ਆਪਸ ਕਉ; ਆਪਹਿ ਆਦੇਸੁ॥) ਜਹ ਅਬਿਗਤੁ; ਭਗਤੁ ਤਹ ਆਪਿ॥ ਸਤਿਗੁਰ ਅਪਨੇ ਕਉ; ਬਲਿਹਾਰੈ॥ ਅਨੁਸਾਰ ਨਮਸਕਾਰ ਕਰਕੇ ਕੁਰਬਾਨ ਜਾਂਦਿਆਂ ਹਰ ਵੇਲੇ ਜਪਦੇ ਹਨ, ਨਾਨਕੁ ਕਹੈ. ਸਹੇਲੀਹੋ; ਸਹੁ ਖਰਾ ਪਿਆਰਾ॥ ਹਮ ਸਹ ਕੇਰੀਆ ਦਾਸੀਆ; ਸਾਚਾ ਖਸਮੁ ਹਮਾਰਾ॥) ਪ੍ਰਭ ਮੇਰੇ ਓਇ; ਬੈਰਾਗੀ ਤਿਆਗੀ॥ ਧੰਨ ਹਨ ਧੰਨ ਹਨ ਧੰਨ ਹਨ ਪਰਮ ਪੂਜਨੀਕ ਵਾਹਿਗੁਰੂ ਸੱਚੇ ਸਤਿਗੁਰੂ ਅਰਜਨਦੇਵ ਸਾਹਿਬਜੀ ਧੰਨ ਹਨ, ਹੁਣ ਉੱਬਲਦੀ ਦੇਗ਼'ਚ ਚੌਂਕੜਾ ਲਾ ਰਹੇ ਹਨ, ਹੁਣ ਤੱਤਾ ਰੇਤਾ ਆਪਣੇ ਸੀਸ'ਤੇ ਪੁਆ ਰਹੇ ਹਨ, ਹੁਣ ਸੜਦੀ ਬਲਦੀ ਮੱਚਦੀ ਲੋਹ'ਤੇ ਖੜ੍ ਰਹੇ ਹਨ। ਆਪਜੀ ਨੇ ਪਰਮਪੂਜਨੀਕ ਸ੍ਰੀ ਹਰਿਮੰਦਰ ਸਾਹਿਬਜੀ, ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬਜੀ ਰਚੇ। ਰੋਮ ੨ ਕਰਕੇ ਡੰਡਉਤ ਬੰਦਨ ਅਨਿਕ ਬਾਰ ਨਮਸਕਾਰ ਬਲਿਹਾਰ। ਡੰਡਉਤਿ ਬੰਦਨ ਅਨਿਕਬਾਰ; ਸਰਬ ਕਲਾ ਸਮਰਥ॥ ਇਸ ਤੋਂ ਅੱਗੇ ਅਸਤੋਤ੍ਰ ਪਰਮਪੂਜਨੀਕ ਵਾਹਿਗੁਰੂ ਸਤਿਗੁਰੂ ਸ੍ਰੀ ਸੁਖਮਨੀ ਸਾਹਿਬਜੀ ਸਟੀਕ ਪੋਥੀ ਅੰਗ ੬੪ ਤੋਂ ਪੜ੍ਹੋ। ਸੰਪੂਰਨੰ।

੪. ਅਰਥਾਂ ਸਹਿਤ. ਦੋ ਪਉੜੀਆਂ 'ਚ, ਮਹੱਲੇ ਪੰਜਵੇਂ ਮਹੱਲੇ ਨੌਵੇਂ ਜੀ ਦੀ ਪੂਰਨ ਵੈਰਾਗਮਈ ਸ਼ਹੀਦੀ ਬਾਰੇ ਅਰਥਾਂ ਸਹਿਤ, ਜ਼ਬਾਨੀ ਕੰਠ ਕਰਕੇ ਹਰ ਸਮੇਂ ਗਾ ਕੇ, ਅਭਿਆਸ ਕਰਨ ਦੇ ਬੇਅੰਤ ਲਾਹੇ ਹੀ ਲਾਹੇ ਹਨ:- ਰਹਿਦੇ ਗੁਰੁ ਦਰੀਆਉ ਵਿਚਿ; ਮੀਨ ਕੁਲੀਨ ਹੇਤੁ ਨਿਰਬਾਣੀ। ਦਰਸਨੁ ਦੇਖਿ ਪਤੰਗ ਜਿਉ; ਜੋਤੀ ਅੰਦਰਿ ਜੋਤਿ ਸਮਾਣੀ। ਸਬਦੁ ਸੁਰਤਿ ਲਿਵ ਮਿਰਗ ਜਿਉ; ਭੀੜ ਪਈ.ਚਿਤਿ ਅਵਰੁ ਨ ਆਣੀ। ਚਰਣ ਕਵਲ ਮਿਲਿ ਭਵਰ ਜਿਉ; ਸੁਖ ਸੰਪਟ ਵਿਚਿ ਰੈਣਿ ਵਿਹਾਣੀ। ਗੁਰ ਉਪਦੇਸ ਨ ਵਿਸਰੈ; ਬਾਬੀਹੇ ਜਿਉ ਆਖ ਵਖਾਣੀ। ਗੁਰਮੁਖਿ ਸੁਖ ਫਲੁ ਪਿਰਮ ਰਸੁ; ਸਹਜ ਸਮਾਧਿ ਸਾਧਸੰਗਿ ਜਾਣੀ। ਗੁਰ ਅਰਜਨ ਵਿਟਹੁ; ਕੁਰਬਾਣੀ॥ {ਅਰਥਾਂ ਸਹਿਤ ਚੇਤੇ ਕਰਕੇ, ਮਿਲ ਕੇ

Sri Satguru Jagjit Singh Ji eLibrary NamdhariElibrary@gmail.com

ਵਾਰ ੨ ਵੀਚਾਰ ਕੇ, ਅਰਥਾਂ'ਚ ਮਨ ਲਾ ਕੇ, ਨਿੱਤਨੇਮ ਕਰੋ ਹਰ ਸਮੇਂ ਗਾ ਸੁਣ ਸੁਣਾ ਨਮਸਕਾਰ ਕਰਕੇ ਨਿਰਗੁਣ ਬ੍ਰਹਮਜੀ'ਚ ਸਦਾ ਲਈ ਲੀਣ ਹੋ ਜਾਉ ਜੀ।} ੧.ਰਹਿਦੇ ਗੁਰੁ ਦਰੀਆਉ ਵਿਚਿ; ਮੀਨ ਕੁਲੀਨ ਹੇਤੁ ਨਿਰਬਾਣੀ।) ਬ੍ਰਹਮਗਿਆਨੀ ਕੈ; ਗਰੀਬੀ ਸਮਾਹਾ॥ ਬ੍ਰਹਮਗਿਆਨੀ; ਪਰਉਪਕਾਰ ਉਮਾਹਾ॥) ਬ੍ਰਹਮਗਿਆਨੀ; ਸਗਲ ਕੀ ਰੀਨਾ॥ ਪੂਰਨ ਬ੍ਰਹਮਗਿਆਨੀ ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬਜੀ ਦੇ ਲਿਖਾਰੀ ਮਹਾਨ ਪਰਉਪਕਾਰੀ ਧੰਨ ਭਾਈ ਗੁਰਦਾਸ ਸਾਹਿਬਜੀ, ਆਪਣੇ ਅਤੀ ਪਿਆਰੇ ਭਾਣਜੇ ਵਾਹਿਗੁਰੂ ਮਹੱਲੇ ਪੰਜਵੇਂ ਜੀ ਦੀ, ਵੈਰਾਗਮਈ ਅਦੁਤੀ ਸ਼ਹੀਦੀ ਬਾਰੇ ਫ਼ੁਰਮਾਉਂਦੇ ਹਨ:- ਜਿਵੇਂ (ਕੁਲੀਨ) ਉੱਚੀ ਕੁੱਲ ਦੇ (ਮੀਨ) ਮੱਛ (ਗੁਰੁ) ਵੱਡੇ (ਦਰੀਆਉ) ਸਮੁੰਦ੍ਰ ਵਿਚਿ ਹੇਤੁ ਕਰਕੇ, ਉਸ'ਚ ਰਹਿੰਦੇ ਹੋਏ (ਨਿਰਬਾਣੀ) ਦੁੱਖਾਂ ਤੋਂ ਰਹਿਤ ਰਹਿਦੇ ਹਨ, ਤਿਵੇਂ ਧਨੁ ਧੰਨੁ ਪਿਤਾ.ਧਨੁ ਧੰਨੁ ਕੁਲੁ; ਧਨੁ ਧਨੁ ਸੁ ਜਨਨੀ, ਜਿਨਿ ਗੁਰੂ ਜਣਿਆ ਮਾਇ॥ ਧਨੁ ਧੰਨੁ ਗੁਰੂ.ਜਿਨਿ ਨਾਮੁ ਅਰਾਧਿਆ; ਆਪਿ ਤਰਿਆ.ਜਿਨੀ ਡਿਠਾ; ਤਿਨਾ ਲਏ ਛਡਾਇ॥ (ਕੁਲੀਨ) ਨਿਰਗੁਨ ਬ੍ਰਹਮ'ਚ ਲੀਨ ਗੁਰਤਾ ਪ੍ਰਾਪਤੀ ਰੂਪੀ ਉੱਚੀ ਕੁਲ, ਸੋਢ ਬੰਸ ਦੇ ਸੂਰਜ, ਪਰਮਪੂਜਨੀਕ ਵਾਹਿਗੁਰੂ ਧੰਨ ਸੱਚੇ ਸਤਿਗੁਰੂ ਪੰਜਵੇਂ ਪਾਤਿਸ਼ਾਹਜੀ, ਕਬੀਰ.ਸਤਿਗੁਰ ਸੂਰਮੇ; ਬਾਹਿਆ ਬਾਨੁ ਜੁ ਏਕੁ॥ ਲਾਗਤ ਹੀ.ਭੁਇ ਗਿਰਿ ਪਰਿਆ; ਪਰਾ ਕਰੇਜੇ ਛੇਕੁ॥ ਅਨੁਸਾਰ ਮਹਾਨ ਭਗਵਾਨ ਬਲਵਾਨ ਸੂਰਵੀਰ ਮਹਾਨ ਧੀਰ, (ਗੁਰੁ) ਵੱਡੇ ਵਿਆਪਕ (ਦਰੀਆਉ) ਸ੍ਰਬ ਵਿਆਪੀ ਵਿਸਮਾਦ ਅਜਪਾ ਜਾਪ ਵਾਹਿਗੁਰੂਜੀ ਸਮੁੰਦ੍ਰ'ਚ, (ਹੇਤੁ) ਪ੍ਰੇਮ ਕਰਕੇ, ਜੇਠ ਦੀ ਅਸਹਿ ਗਰਮੀ, ਭੁੱਖ ਉਨੀਂਦ੍ਰਾ ਕੁਬੋਲ, ਤੱਤੀ ਤਵੀ'ਤੇ ਖੜ੍ਹਨ, ਉੱਬਲਦੀ ਦੇਗ'ਚ ਬੈਠਣ, ਤੱਤੇ ਰੇਤੇ'ਤੇ ਬੈਠਣ, ਤੱਤਾ ਰੇਤਾ ਆਪਣੇ ਪਰਮਪਵਿੱਤ੍ਰ ਸ਼ੁਭ ਸੱਚੇ ਮਹਾਨ ਪਰਉਪਕਾਰੀ ਸੀਸ'ਤੇ ਪੁਆਉਣ ਸਮੇਂ, (ਨਿਰਬਾਣੀ) ਦੁੱਖਾਂ ਤੋਂ ਰਹਿਤ ਨਿਰਲੇਪ, ਸੁਮੇਰ ਪਰਬਤ ਵਾਂਗ ਅਚੱਲ ਅਡੋਲ ਨਿਰਭੈ, ਅਕਾਲ ਪੁਰਖ ਜੀ'ਚ ਅਭੇਦ ਰਹਿਦੇ ਰਹੇ। ਯਥਾ:- ਤੂੰ ਮੇਰੋ.ਮੇਰੁ ਪਰਬਤੁ ਸੁਆਮੀ; ਓਟ ਗਹੀ ਮੈ ਤੇਰੀ॥ ਨਾ ਤੁਮ ਡੋਲਹੁ.ਨਾ ਹਮ ਗਿਰਤੇ; ਰਖਿ ਲੀਨੀ ਹਰਿ ਮੇਰੀ॥ ੧॥) ਸਗਲੇ ਦੂਖ.ਅੰਮ੍ਰਿਤੁ ਕਰਿ ਪੀਵੈ; ਬਾਹੁੜਿ.ਦੂਖੁ ਨ ਪਾਇਦਾ॥) ਸੁਖ ਦੁਖ ਹੀ ਤੇ.ਅਮਰੁ ਅਤੀਤਾ; ਗੁਰਮੁਖਿ ਨਿਜ ਘਰੁ ਪਾਇਦਾ॥) ਦੁਖ ਸੁਖ ਹੀ ਤੇ ਭਏ ਨਿਰਾਲੇ; ਗੁਰਮੁਖਿ ਸੀਲੁ ਸਨਾਹਾ ਹੇ॥

੨. ਦਰਸਨੁ ਦੇਖਿ ਪਤੰਗ ਜਿਉ; ਜੋਤੀ ਅੰਦਰਿ ਜੋਤਿ ਸਮਾਣੀ। ਜਿਵੇਂ ਦੀਵੇ ਦੀ ਜੋਤਿ ਤੱਕ ਕੇ, ਪਤੰਗੇ ਦੀ ਜੋਤਿ ਦੀਵੇ ਦੀ ਜੋਤਿ'ਚ ਸਮਾ ਜਾਂਦੀ ਹੈ, ਨਿਰਭੈ ਹੋ ਕੇ ਵੇਪਰਵਾਹੀ ਨਾਲ ਸੜ ਜਾਂਦਾ ਹੈ, ਤਿਵੇਂ ਸੱਚੇ ਸਤਿਗੁਰੂ ਪ੍ਰਮੇਸਰ ਸਰੂਪ ਧੰਨ ਵਾਹਿਗੁਰੂ ਸੱਚੇ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਸਾਹਿਬਜੀ ਦੀ ਪਰਮਪਵਿੱਤ੍ਰ ਅਖੰਡ ਸੱਚੀ ਵਿਆਪਕ ਜੋਤਿ ਦੇ ਅੰਦਰ ਬਾਹਰ ਦਰਸਨੁ ਦੇਖਿ ਕੇ ਉੱਬਲਦੀ ਦੇਗ'ਚ ਬੈਠੇ, ਮੱਚਦੀ ੨ ਲੋਹ'ਤੇ ਖੜ੍ ਕੇ ਸੜਦਿਆਂ ਵੇਪਰਵਾਹ ਨਿਰਭੈ ਰਹਿੰਦਿਆਂ, ਪਤੰਗ ਦੇ ਸੜਨ (ਜਿਉ) ਵਾਂਗ ਸਰਬੱਤ ਦੇ ਭਲੇ ਹਿਤ ਸ਼ਹੀਦ ਹੋ ਗਏ। ਪਤੰਗੇ ਦੀ ਜੋਤਿ ਜਿਵੇਂ ਬਲ਼ ਰਹੀ ਸ਼ਮ੍ਹਾਂ'ਚ ਸਮਾ ਜਾਂਦੀ ਹੈ, ਤਿਵੇਂ ਆਪਜੀ ਦੀ ਜੋਤਿ, (ਜੋਤੀ) ਸਭ ਮਹਿ ਜੋਤਿ; ਜੋਤਿ ਹੈ ਸੋਇ॥ ਤਿਸ ਦੈ ਚਾਨਣਿ; ਸਭ ਮਹਿ ਚਾਨਣੁ ਹੋਇ॥ ਅਨਤਕਲਾਵਾਨ ਪ੍ਰਕਾਸ਼ ਸਰੂਪ ਸ੍ਰਬ ਪ੍ਰਕਾਸ਼ਕ ਸ੍ਰਬ ਵਿਆਪੀ ਵਿਸਮਾਦ ਅਜਪਾ ਜਾਪ, ਸੋਗ ਰਹਿਤ ਅਬਿਨਾਸੀ ਜਹ ਅਵਿਗਤ ਨਾਥੁ ਅਗਮ ਧਨੀ॥ ਵਾਹਿਗੁਰੂਜੀ ਅੰਦਰਿ (ਸਮਾਣੀ) ਸਮਾ ਗਈ। ਅਬਿਨਾਸੀ ਸੁਖ; ਆਪਨ ਆਸਨ॥ ਤਹ ਜਨਮ ਮਰਨ; ਕਹੁ ਕਹਾ ਬਿਨਾਸਨ॥) ਹਰਖ ਅਨੰਤ; ਸੋਗ ਨਹੀ ਬੀਆ॥ ਸੋ ਘਰੁ; ਗੁਰਿ ਨਾਨਕ ਕਉ ਦੀਆ॥) ਨਹ ਸਿਵ ਸਕਤੀ, ਜਲੁ ਨਹੀ

Sri Satguru Jagjit Singh Ji eLibrary NamdhariElibrary@gmail.com

ਪਵਨਾ; ਤਹ.ਅਕਾਰੁ ਨਹੀ ਮੇਦਨੀ॥ ਸਤਿਗੁਰ ਜੋਗ ਕਾ ਤਹਾ ਨਿਵਾਸਾ; ਜਹ ਅਵਿਗਤ ਨਾਥੁ ਅਗਮ ਧਨੀ॥

੩. ਸਬਦੁ ਸੁਰਤਿ ਲਿਵ ਮਿਰਗ ਜਿਉ; ਭੀੜ ਪਈ.ਚਿਤਿ ਅਵਰੁ ਨ ਆਣੀ। (ਜਿਉ) ਜਿਵੇਂ ਮਿਰਗ ਘੰਡੇਹੇੜੇ ਦਾ ਸ਼ਬਦ ਸੁਣਦਿਆਂ ਸਾਹਮਣੇ ਮੱਥੇ ਤੀਰ ਸਹਾਰਦਿਆਂ ਵੇਪਰਵਾਹੀ ਨਾਲ ਪ੍ਰਾਣ ਤਿਆਗ ਦਿੰਦਾ ਹੈ। ਸਨਮੁਖ ਸਹਿ ਬਾਨ.ਸਨਮੁਖ ਸਹਿ ਬਾਨ ਹੇ; ਮ੍ਰਿਗ ਅਰਪੇ ਮਨ ਤਨ ਪ੍ਰਾਨ ਹੇ, ਓਹੁ ਬੇਧਿਓ ਸਹਜ ਸਰੋਤ॥) ਨਾਦ ਕੁਰੰਕਹਿ ਬੇਧਿਆ; ਸਨਮੁਖ ਉਠਿ ਧਾਵੈ॥ ਤਿਵੇਂ ਕਸ਼ਟ ਦੁੱਖਾਂ ਤਸੀਹਿਆਂ ਦੀ (ਭੀੜ) ਔਕੜ ਬਿਪਤਾ ਪਈ ਤੋਂ ਆਪਜੀ ਨੇ ਆਪਣੀ ਸੁਰਤਿ ਲਿਵ, ਗੁਰ ਸਬਦੁ ਨਾਲ ਗਾੜ੍ਹੀ ਅਭੇਦ ਜੋੜੀ ਰੱਖੀ, ਵਾਹਿਗੁਰੂਜੀ ਦੇ ਸਨਮੁਖ ਰਹੇ, ਨਿਰਝਿਜਕ ਨਿਰਭੈ ਸ਼ਹੀਦੀ ਦੇਣ ਤੋਂ ਬਿਨਾ (ਅਵਰੁ) ਹੋਰ ਦੂਜੀ ਗੱਲ ਚਿਤਿ'ਚ ਨ (ਆਣੀ) ਲਿਆਂਦੀ। ਮੂ ਲਾਲਨ ਸਿਉ; ਪ੍ਰੀਤਿ ਬਨੀ॥ ਰਹਾਉ॥ ਤੋਰੀ ਨ ਤੂਟੈ, ਛੋਰੀ ਨ ਛੂਟੈ; ਐਸੀ ਮਾਧੋ ਖਿੰਚ ਤਨੀ॥) ਸੂਖ ਦੂਖ; ਜਨ ਸਮ ਦ੍ਰਿਸਟੇਤਾ॥ ਨਾਨਕ; ਪਾਪ ਪੁੰਨ ਨਹੀ ਲੇਪਾ॥ ੬॥) ਜੋ ਨਰੁ ਦੁਖ ਮੈ; ਦੁਖੁ ਨਹੀ ਮਾਨੈ॥ ਸੁਖ ਸਨੇਹੁ ਅਰੁ ਭੈ ਨਹੀ ਜਾ ਕੈ; ਕੰਚਨ ਮਾਟੀ ਮਾਨੈ॥) ਦੁਖ ਸੁਖ ਉਆ ਕੈ; ਸਮਤ ਬੀਚਾਰਾ॥) ਮਨੁ ਨ ਡਿਗੈ; ਤਨੁ ਕਾਹੇ ਕਉ ਡਰਾਇ॥ ਚਰਨ ਕਮਲ; ਚਿਤੁ ਰਹਿਓ ਸਮਾਇ॥) ਜਉ ਤਨੁ ਚੀਰਹਿ; ਅੰਗਿ ਨ ਮੋਰਉ॥ ਪਿੰਡੁ ਪਰੈ; ਤਉ.ਪ੍ਰੀਤਿ ਨ ਤੋਰਉ॥

੪. ਚਰਣ ਕਵਲ ਮਿਲਿ ਭਵਰ ਜਿਉ; ਸੁਖ ਸੰਪਟ ਵਿਚਿ ਰੈਣਿ ਵਿਹਾਣੀ। (ਜਿਉ) ਜਿਵੇਂ ਸੂਰਜ ਦੇ ਛਿਪਣ ਤੋਂ ਕਵਲ ਮਿਚ ਜਾਂਦਾ ਹੈ। ਕਵਲ'ਤੇ ਬੈਠਾ (ਭਵਰ) ਭੌਰਾ ਵਿੱਚੇ ਗੁੰਦਿਆ ਜਾਂਦਾ ਹੈ। ਭਵਰੁ ਲੋਭੀ.ਕੁਸਮ ਬਾਸੁ ਕਾ; ਮਿਲਿ ਆਪੁ ਬੰਧਾਵੈ॥ ਉਸ ਦੀਆਂ ਨਾਸਾਂ ਸੁਗੰਧੀ ਨਾਲ ਲੱਗੀਆਂ ਰਹਿੰਦੀਆਂ ਹਨ। ਖ਼ੁਸ਼ਬੋ ਦੇ ਮਹਾਂ ਅਨੰਦ'ਚ ਲੀਣ ਰਹਿੰਦਾ ਹੈ, ਤਿਵੇਂ ਗੁਰੂ ਪ੍ਰਮੇਸਰਜੀ ਦੇ ਸ਼ਹੀਦ ਹੋਣ ਤੋਂ, ਪਹਿਲੀ ਰਾਤ ਭਾਵੇਂ ਬੜੀ ਭਾਰੀ ਦੁੱਖਾਂ ਤੇ ਕਸ਼ਟਾਂ ਵਾਲੀ ਸੀ, ਪਰ ਫਿਰ ਭੀ ਗੁਰੂ ਪ੍ਰਮੇਸਰਜੀ ਧੰਨ ਗੁਰੂ ਰਾਮਦਾਸ ਸਾਹਿਬਜੀ ਦੇ ਪਰਮਪਵਿੱਤ੍ਰ ਚਰਣ (ਕਵਲ) ਕਮਲਾਂ ਨਾਲ ਮਿਲਿ ਕੇ, ਭਾਵ ਚਰਨਕਮਲਾਂ ਤੋਂ, ਆਪਣੀਆਂ ਪ੍ਰੀਤ ਰੂਪੀ ਨਾਸਾਂ ਨਾਲ ਪ੍ਰੇਮਾ-ਭਗਤੀ ਰੂਪੀ ਸੁਗੰਧੀ ਲੈਂਦਿਆਂ, ਸਾਰੀ ਰੈਣਿ ਭੌਰੇ ਵਾਂਗ, ਸੁਖ ਦੇ (ਸੰਪਟ) ਡੱਬੇ ਵਿਚਿ ਭਾਵ ਸਹਜ ਅਨੰਦ'ਚ (ਵਿਹਾਣੀ) ਬਤੀਤ ਹੋਈ। ਧੰਨ ਗੁਰੂ ਪ੍ਰਮੇਸਰਜੀ! ਅਤਿਅੰਤ ਦੁਖਾਲੇ ਅਸਹਿ ਕਸ਼ਟਾਂ ਦੀ ਭੀ ਪ੍ਰਵਾਹ ਨ ਕਰਦਿਆਂ ਸਰਬੱਤ ਦੇ ਭਲੇ ਹਿਤ ਸ਼ਹੀਦ ਹੋਏ। ਅੰਮ੍ਰਿਤ ਰੂਪ ਗੁਰਬਾਣੀ, ਗੁਰਸਿੱਖੀ ਨੂੰ ਜੁੱਗੋ ਜੁੱਗ ਅਟੱਲ ਰੱਖਣ ਲਈ ਸੱਚੇ ਸਤਿਗੁਰਾਂ ਦਾ ਸ਼ਹੀਦ ਹੋਣਾ ਸੱਚਾ ਹੈ। ਮਰਣੁ ਮੁਣਸਾ ਸੂਰਿਆ.ਹਕੁ ਹੈ; ਜੋ ਹੋਇ.ਮਰਨਿ ਪਰਵਾਣੋ॥ ਸੂਰੇ ਸੇਈ.ਆਗੈ ਆਖੀਅਹਿ; ਦਰਗਹ ਪਾਵਹਿ.ਸਾਚੀ ਮਾਣੋ॥

੫. ਗੁਰ ਉਪਦੇਸ ਨ ਵਿਸਰੈ; ਬਾਬੀਹੇ ਜਿਉ ਆਖ ਵਖਾਣੀ।) ਤੁਮ ਗੰਭੀਰ ਧੀਰ ਉਪਕਾਰੀ; ਸੱਚੇ ਸਤਿਗੁਰੂ ਸਾਹਿਬਜੀ ਉੱਬਲਦੀ ਦੇਗ਼'ਚ ਬੈਠਣ, ਤੱਤੇ ਰੇਤੇ'ਤੇ ਬੈਠ ਕੇ, ਤੱਤਾ ਰੇਤਾ ਆਪਣੇ ਵੱਡਭਾਗੇ ਪਰਮਪਵਿੱਤ੍ਰ ਉੱਤਮ ਉੱਚੇ ਸੁੱਚੇ ਸੱਚੇ ਸੀਸ'ਤੇ ਪੁਆਉਣ, ਸੜਦੀ ਬਲਦੀ ਮੱਚਦੀ ਲੋਹ'ਤੇ ਖੜ੍ਹਨ, ਜੇਠ ਦੀ ਅਤਿ ਗਰਮੀ ਭੁੱਖ ਉਨੀਂਦ੍ਰੇ ਤ੍ਰੈਹ ਅਤਿ ਦੁੱਖਾਂ ਸਮੇਂ, ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬਜੀ ਨੂੰ ਗੁਰ ਉਪਦੇਸ ਮੂਲ ਮੰਤ੍ਰ ਵਾਹਿਗੁਰੂ ਅੰਮ੍ਰਿਤ ਪਰਮਪਵਿੱਤ੍ਰ ਗੁਰਬਾਣੀਜੀ ਨ (ਵਿਸਰੈ) ਭੁੱਲੇ। ਬਾਬੀਹਾ ਪ੍ਰਿਉ ਪ੍ਰਿਉ ਕਰੇ; ਜਲਨਿਧਿ ਪ੍ਰੇਮ ਪਿਆਰਿ॥ ਅਨੁਸਾਰ ਬਾਬੀਹੇ ਦੇ ਪ੍ਰਿਉ ੨ ਸ਼ਬਦ ਉਚਾਰਨ (ਜਿਉ) ਵਾਂਗ, ਦੋਹਿਤਾ.ਬਾਣੀ ਕਾ ਬੋਹਿਥਾ।) ਕਲਜੁਗਿ.ਜਹਾਜੁ ਅਰਜੁਨੁ ਗੁਰੂ; ਸਗਲ ਸ੍ਰਿਸ੍ਰਿ ਲਗਿ.ਬਿਤਰਹੁ॥) ਸਦ ਜੀਵਣੁ.ਅਰਜੁਨੁ ਅਮੋਲੁ; ਆਜੋਨੀ ਸੰਭਉ॥ ਵਾਹਿਗੁਰੂ ਮਹੱਲਾ ਪੰਜਵਾਂ ਜੀ ਰਾਤ ਦਿਨ ਇੱਕ ਰਸ

Sri Satguru Jagjit Singh Ji eLibrary NamdhariElibrary@gmail.com

ਪਰਮਪਵਿੱਤ੍ਰ ਅੰਮ੍ਰਿਤ ਗੁਰਬਾਣੀ (ਆਖ) ਆਖਦੇ (ਵਖਾਣੀ) ਉਚਾਰਦੇ ਹੀ ਰਹੇ। ਮੀਨੁ ਪਕਰਿ ਫਾਂਕਿਓ ਅਰੁ ਕਾਟਿਓ; ਰਾਂਧਿ ਕੀਓ ਬਹੁ ਬਾਨੀ॥ ਖੰਡ ਖੰਡ ਕਰਿ ਭੋਜਨੁ ਕੀਨੋ; ਤਊ.ਨ ਬਿਸਰਿਓ ਪਾਨੀ॥

੬. ਗੁਰਮੁਖਿ ਸੁਖ ਫਲੁ ਪਿਰਮ ਰਸੁ; ਸਹਜ ਸਮਾਧਿ ਸਾਧਸੰਗਿ ਜਾਣੀ।) ਗੁਰਮੁਖਿ.ਕਲਿ ਵਿਚਿ; ਪਰਗਟੁ ਹੋਆ॥ ਅਨੁਸਾਰ ਗੁਰਮੁਖਿ ਧੰਨ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਅਰਜਨਦੇਵ ਸਾਹਿਬਜੀ ਨੇ, (ਪਿਰਮ) ਪ੍ਰੇਮ ਰਸੁ ਸੁਖ ਰੂਪੀ ਫਲੁ ਚੌਵੀ ਘੰਟੇ ਵਿਆਪਕ ਬ੍ਰਹਮਜੀ'ਚ ਲੀਣਤਾ ਰੂਪ (ਸਹਜ) ਨਿਰਯਤਨ (ਸਮਾਧਿ) ਸਮਾਧੀ, ਸਾਧਸੰਗਿ ਨਾਨਕ ਜਸੁ ਗਾਇਓ; ਜੋ ਪ੍ਰਭ ਕੀ ਅਤਿ ਪਿਆਰੀ॥ ਅਨੁਸਾਰ ਗੁਰੂਜੀ ਦੀ ਅਤਿਅੰਤ ਪਿਆਰੀ ਸਾਧਸੰਗਿ ਜੀ ਦੁਆਰਾ ਜਾਣੀ ਸੀ।

੭. ਗੁਰ ਅਰਜਨ ਵਿਟਹੁ; ਕੁਰਬਾਣੀ॥ ੨੩॥) ਬ੍ਰਹਮਗਿਆਨੀ ਕੈ; ਗਰੀਬੀ ਸਮਾਹਾ॥ ਬ੍ਰਹਮਗਿਆਨੀ; ਪਰਉਪਕਾਰ ਉਮਾਹਾ॥) ਬ੍ਰਹਮਗਿਆਨੀ; ਸਗਲ ਕੀ ਰੀਨਾ॥ ਪੂਰਨ ਬ੍ਰਹਮਗਿਆਨੀ ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬਜੀ ਦੇ ਲਿਖਾਰੀ ਮਹਾਨ ਪਰਉਪਕਾਰੀ ਧੰਨ ਭਾਈ ਗੁਰਦਾਸ ਸਾਹਿਬਜੀ, ਆਪਣੇ ਅਤੀ ਪਿਆਰੇ ਭਾਣਜੇ ਵਾਹਿਗੁਰੂ ਮਹੱਲੇ ਪੰਜਵੇਂ ਜੀ ਦੀ ਵੈਰਾਗਮਈ ਅਦੁਤੀ ਸ਼ਹੀਦੀ ਬਾਰੇ ਫ਼ੁਰਮਾਉਂਦੇ ਹਨ:-ਐਸੇ ਖੰਡ ਬ੍ਰਹਮੰਡ ਦੇ ਮਾਲਕ ਬ੍ਰਹਮ ਸਰੂਪ ਪਰਮਪੂਜਨੀਕ ਸਤਿਗੁਰੂ ਗੁਰ ਅਰਜਨਦੇਵ ਸਾਹਿਬਜੀ (ਵਿਟਹੁ) ਉੱਪਰੋਂ, ਦਾਸਨਦਾਸ ਰੋਮਿ ਰੋਮਿ ਕਰਕੇ ਹਰ ਸਮੇਂ (ਕੁਰਬਾਣੀ) ਬਲਿਹਾਰ ੨ ਕੁਰਬਾਨ ਜਾਂਦਾ ਹੈ। ਗੁਰ ਕਉ; ਕੁਰਬਾਨੁ ਜਾਉ ਹਾਂ॥ ਧੰਨ ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬਜੀ, ਆਪਜੀ ਗੁਰ ਪ੍ਰਸਾਦਿ; ਨਾਨਕ ਸਮਦ੍ਰਿਸਟਾ॥ ਅਨੁਸਾਰ ਜੰਮਣ ਮਰਨ ਦੁੱਖ ਸੁਖ ਨਿੰਦਾ ਉਸਤਤ ਮਾਨ ਅਪਮਾਨ ਹਰ ਹਾਲਤ'ਚ ਸਮਦ੍ਰਿਸ਼ਟ ਹਨ॥ ੨੩॥ ਮਰਣੈ ਕੀ ਚਿੰਤਾ ਨਹੀ; ਜੀਵਣ ਕੀ ਨਹੀ ਆਸ॥) ਮਰਣੁ ਜੀਵਣੁ ਜੋ ਸਮ ਕਰਿ ਜਾਣੈ; ਸੋ ਮੇਰੇ ਪ੍ਰਭ ਭਾਇਦਾ॥) ਦੁਖੁ ਸੁਖੁ ਗੁਰਮੁਖਿ ਸਮ ਕਰਿ ਜਾਣਾ; ਹਰਖ ਸੋਗ ਤੇ ਬਿਰਕਤੁ ਭਇਆ॥ ਆਪੁ ਮਾਰਿ ਗੁਰਮੁਖਿ ਹਰਿ ਪਾਏ; ਨਾਨਕ ਸਹਜਿ ਸਮਾਇ ਲਇਆ॥)

੮. {ਧਰਮ ਹੇਤ; ਸਾਕਾ ਜਿਨਿ ਕੀਆ॥ ਸੀਸੁ ਦੀਆ; ਪਰੁ.ਸਿਰਰੁ ਨ ਦੀਆ॥ ਧੰਨ ਹਨ ਧੰਨ ਹਨ ਧੰਨ, ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਤੇਗਬਹਾਦਰ ਸਾਹਿਬ ਜੀ ਧੰਨ ਹਨ, ਹੁਣ ਲੋਹੇ ਦੇ ਤੰਗ ਪਿੰਜਰੇ 'ਚ ਤਿੱਖੇ ਕਿੱਲਾਂ ਵਿਚਕਾਰ ਬੈਠੇ, ਵਾਹਿਗੁਰੂ ਵਾਹਿਗੁਰੂ ਜਪ ਰਹੇ ਹਨ। ਹੁਣ ਸੀਸ ਕੁਰਬਾਨ ਕਰ ਰਹੇ ਹਨ। ਆਪ ਜੀ ਦਾ ਸ਼ਹੀਦ ਹੋਇਆ ਸੀਸ, ਹੁਣ ਦਾਸਨ ਦਾਸੀ ਦੇ ਸਿਰ 'ਤੇ ਸਜ ਰਿਹਾ ਹੈ।}

(ਦਿੱਲੀਸਿ) ਤਿਲਕ ਜੰਞੂ; ਰਾਖਾ ਪ੍ਰਭ ਤਾ ਕਾ॥ ਕੀਨੋ ਬਡੋ; ਕਲੂ ਮਹਿ ਸਾਕਾ॥ ਸਾਧਨਿ ਹੇਤਿ; ਇਤੀ ਜਿਨਿ ਕਰੀ॥ ਸੀਸੁ ਦੀਯਾ; ਪਰੁ ਸੀ ਨ ਉਚਰੀ॥ ੧੩॥ ਧਰਮ ਹੇਤ; ਸਾਕਾ ਜਿਨਿ ਕੀਆ॥ ਸੀਸੁ ਦੀਆ; ਪਰੁ.ਸਿਰਰੁ ਨ ਦੀਆ॥ ਨਾਟਕ ਚੇਟਕ; ਕੀਏ ਕੁਕਾਜਾ॥ ਪ੍ਰਭ ਲੋਗਨ ਕਹ; ਆਵਤ ਲਾਜਾ॥ ੧੪॥ ਦੋਹਰਾ॥ ਠੀਕਰਿ ਫੋਰਿ ਦਿਲੀਸਿ ਸਿਰਿ; ਪ੍ਰਭ ਪੁਰ ਕੀਯਾ ਪਯਾਨ॥ ਤੇਗਬਹਾਦਰ ਸੀ ਕ੍ਰਿਆ; ਕਰੀ ਨ ਕਿਨਹੂੰ ਆਨ॥ ੧੫॥ ਤੇਗਬਹਾਦਰ ਕੇ ਚਲਤ; ਭਯੋ ਜਗਤ ਕੋ ਸੋਕ॥ ਹੈ ਹੈ ਹੈ ਸਭ ਜਗ ਭਯੋ; ਜੈ ਜੈ ਜੈ ਸੁਰਲੋਕ॥ ੧੬॥ ਤਿਲਕ ਜੰਞੂ; ਰਾਖਾ ਪ੍ਰਭ ਤਾ ਕਾ॥ ਧੰਨ ਪਰਮਪੂਜਨੀਕ ਵਾਹਿਗੁਰੂ ਸੱਚੇ ਸਤਿਗੁਰੂ ਦਸਵੇਂ ਪਾਤਿਸ਼ਾਹਜੀ, ਆਪਣੇ ਪਰਮਪੂਜਨੀਕ ਪੂਰਨ ਪ੍ਰਪੱਕ ਦ੍ਰਿੜ੍ਹ ਧਰਮੀ ਸਨਮੁਖ ਸ਼ਹੀਦਾਂ ਦੇ ਸਿਰਤਾਜ, ਸੱਚੇ ਗੁਰੂ, ਗੁਰਦੇਵ ਮਾਤਾ ਗੁਰਦੇਵ ਪਿਤਾ; ਗੁਰਦੇਵ ਸੁਆਮੀ ਪਰਮੇਸੁਰਾ॥ ਪਿਤਾਜੀ ਨੂੰ, ਪੂਰਨ ਅਦਬ ਸਤਿਕਾਰ ਸਹਿਤ, ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ; ਗੁਰਦੇਵ ਨਾਨਕ ਹਰਿ ਨਮਸਕਰਾ॥ ਅਨੁਸਾਰ ਪ੍ਰਭ ਜੀ ਮੰਨਦੇ ਪੂਜਦੇ ਲਿਖਦੇ ਹਨ, ਧੰਨ ਸਤਿਕਾਰ ਧੰਨ ਪਿਆਰ।

Sri Satguru Jagjit Singh Ji eLibrary NamdhariElibrary@gmail.com

(ਪ੍ਰਭ)ਵਾਹਿਗੁਰੂ ਸਰੂਪ ਧੰਨ ਸੱਚੇ ਸਤਿਗੁਰੂ ਨੌਵੇਂ ਪਾਤਿਸ਼ਾਹਜੀ ਨੇ, ਦੇਸ਼'ਚ ਕਥਾ ਕੀਰਤਨ ਧਰਮ ਪ੍ਰਚਾਰ ਕਰਕੇ, ਸਭ ਨੂੰ ਗੁਰਬਾਣੀ ਗੁਰੂ ਮਰਯਾਦਾ ਬਖ਼ਸ਼ ਕੇ, ਆਪਣੇ ਪਿਆਰੇ ਸਿੱਖਾਂ ਭਾਈ ਮਤੀਦਾਸ, ਸਤੀਰਾਮ, ਦਿਆਲਾਜੀ ਦੀ ਕੁਰਬਾਨੀ, ਆਪਣੇ ਪਰਮ ਪਵਿੱਤ੍ਰ ਪਰਮ ਪੂਜਨੀਕ ਸ਼ੁਭ ਸੱਚੇ ਸੀਸ ਦਾ ਬਲੀਦਾਨ ਦੇ ਕੇ, (ਤਾ) ਤਿਨ੍ਹਾਂ ਭਾਵ ਸ਼ਰਨੀ ਆਏ ਗ਼ਰੀਬ ਦੁਖੀ ਬ੍ਰਾਹਮਣਾਂ ਹਿੰਦੂਆਂ (ਕਾ) ਦਾ, ਤਿਲਕ ਜੰਞੂ (ਰਾਖਾ) ਰੱਖ ਲਿਆ। ਮੇਰਾ ਸਤਿਗੁਰੁ; ਰਖਵਾਲਾ ਹੋਆ॥ ਧਾਰਿ ਕ੍ਰਿਪਾ ਪ੍ਰਭ.ਹਾਥ ਦੇ ਰਾਖਿਆ; ਹਰਿ ਗੋਵਿਦੁ ਨਵਾ ਨਿਰੋਆ॥

ਕੀਨੋ ਬਡੋ; ਕਲੂ ਮਹਿ ਸਾਕਾ॥ (ਕਲੂ) ਕਲਜੁੱਗ (ਮਹਿ) ਅੰਦਰ, ਆਪਣਾ ਸੀਸ ਕੁਰਬਾਨ ਕਰਕੇ, ਹਿੰਦੂ ਧਰਮ ਗਊ ਗ਼ਰੀਬ ਬਹੂ ਬੇਟੀਆਂ ਦੀ ਰੱਖਿਆ, ਧਰਮ ਦੇ ਪ੍ਰਕਾਸ਼ ਜ਼ੁਲਮ ਦੇ ਨਾਸ ਲਈ, ਮਹਾਨ ਧੀਰਜ ਧਾਰ ਕੇ, ਆਪਣਾ ਅਮੋਲਕ ਪਰਮਪੂਜਨੀਕ ਸੀਸ ਬਲੀਦਾਨ ਦੇਣ ਦਾ ਮਹਾਨ ਵੈਰਾਗਮਈ ਬਹੁਤ (ਬਡੋ) ਵੱਡਾ, (ਸਾਕਾ) ਧਰਮੀ ਕੌਤਕ (ਕੀਨੋ) ਕੀਤਾ। ਪਰਮ ਪਵਿੱਤ੍ਰ ਅਵਤਾਰ ਤੋਂ, ਸੀਸ ਕੁਰਬਾਨ ਕਰਨ ਤੱਕ ਦਾ ਸਾਰਾ ਜੀਵਨ ਹੀ, ਵੈਰਾਗਮਈ ਪਰਉਪਕਾਰੀ ਸਾਕਾ ਕੌਤਕ ਹੈ।

ਸਾਧਨਿ ਹੇਤਿ; ਇਤੀ ਜਿਨਿ ਕਰੀ॥ ਸੀਸੁ ਦੀਯਾ; ਪਰੁ.ਸੀ ਨ ਉਚਰੀ॥ ੧੩॥ ਧੰਨ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਪੂਰਨ ਧਰਮੀ ਸੱਚੇ ਪਿਤਾਜੀ ਹਨ, (ਜਿਨਿ) ਜਿਨ੍ਹਾਂ ਨੇ, ਦੁੱਖ ਭੁੱਖ ਮਾਰ ਜ਼ੋਰ ਜ਼ੁਲਮ ਸੰਤਾਪ ਦੁੱਖ ਦੇ ਸਤਾਏ ਦਬਾਏ, (ਸਾਧਨਿ) ਭਲੇ ਬ੍ਰਹਮਣਾਂ ਹਿੰਦੂਆਂ, (ਸਾਧਨਿ) ਸ਼੍ਰੇਸਟ ਸਾਧੂਆਂ ਮਹਾਂਪੁਰਖਾਂ, (ਸਾਧਨਿ) ਸੱਚੇ ਸਤਿਗੁਰੂ ਸਾਹਿਬਾਨਜੀ (ਹੇਤਿ) ਲਈ, ਸੀਸ ਕੁਰਬਾਨ ਕਰਨ ਦੀ (ਇਤੀ) ਇਤਨੀ ਵੱਡੀ ਸੱਚੀ ਸੁੱਚੀ ਉੱਚੀ ਬੁਲੰਦ ਸ਼ੁਭ ਕਰਨੀ ਕੁਰਬਾਨੀ (ਕਰੀ) ਕੀਤੀ। ਸ੍ਰਬੱਤ ਦੇ ਭਲੇ ਹਿਤ, ਆਪਣਾ ਸੀਸੁ ਹੱਸ ਕੇ ਦੇ (ਦੀਯਾ) ਦਿਤਾ, ਪਰੁ ਆਪਣਾ ਸੀਸ ਕਟਾਉਣ ਲੱਗਿਆਂ, ਹਾਏ ਸੀ ਨ (ਉਚਰੀ) ਉਚਾਰੀ।

ਧਰਮ ਹੇਤ; ਸਾਕਾ ਜਿਨਿ ਕੀਆ॥ (ਜਿਨਿ) ਪਰਮਪੂਜਨੀਕ ਧਰਮੀ ਪਿਤਾਜੀ ਨੇ, ਜ਼ੁਲਮ ਦੇ ਨਾਸ ਤੇ ਧਰਮ ਦੇ ਪ੍ਰਕਾਸ਼ (ਹੇਤ) ਲਈ, ਧਰਮ ਦੇ (ਹੇਤ) ਪਿਆਰ'ਚ, ਸੱਚੇ ਸਤਿਗੁਰੂ ਸਾਹਿਬਾਨਜੀ ਤੋਂ ਕੁਰਬਾਨ ਹੋਣ ਰੂਪ ਵੈਰਾਗਮਈ ਪੂਰਨ ਧਰਮੀ ਸੱਚਾ ਸੁੱਚਾ ਅਤਿਅੰਤ ਉੱਚਾ (ਸਾਕਾ) ਕੌਤਕ ਕੀਤਾ। ਸੀਸੁ ਦੀਆ; ਪਰੁ.ਸਿਰਰੁ ਨ ਦੀਆ॥ ਆਪਣਾ ਪਰਮਪਵਿੱਤ੍ਰ ਪਰਉਪਕਾਰੀ ਸੀਸੁ ਬਲੀਦਾਨ ਦੇ (ਦੀਆ) ਦਿਤਾ, ਪਰੁ ਜ਼ੁਲਮ ਦੇ ਨਾਸ ਤੇ ਧਰਮ ਦੇ ਪ੍ਰਕਾਸ਼ ਲਈ, ਗੁਰੂ ਸਾਹਿਬਾਨਜੀ ਤੋਂ ਕੁਰਬਾਨ ਹੋਣ ਦਾ ਜੋ (ਸਿਰਰੁ) ਸਿਰੜ, ਪੂਰਨ ਪ੍ਰਪੱਕ ਦ੍ਰਿੜ ਨਿਸਚਾ ਸੀ, ਉਹ (ਨ) ਨਹੀਂ (ਦੀਆ) ਦਿਤਾ।

ਨਾਟਕ ਚੇਟਕ; ਕੀਏ ਕੁਕਾਜਾ॥ ਜਿਵੇਂ ਨਾਟਕ ਖੇਡਣ ਵਾਲਾ ਤਰ੍ਹਾਂ ੨ ਦੇ ਸੁਆਂਗ ਬਣਾਉਂਦਾ ਹੈ। ਉਹ ਸੱਚੇ ਨਹੀਂ ਹੁੰਦੇ, ਇਉਂ ਅੰਦਰੋਂ ਸੰਤ ਨ ਬਨਣਾ, ਮਾਇਆ ਵਿਕਾਰ ਦੇ ਵਸੀਕਾਰ ਹੋ ਕੇ, ਦੁਖੀ ਰੋਗੀ ਸੋਗੀ ਜੀਆਂ'ਤੇ ਤਰਸ ਰਹਿਮ ਕਰਨ ਦੀ ਬਜਾਏ, ਉਨ੍ਹਾਂ ਨੂੰ ਵਾਹਿਗੁਰੂਜੀ ਨਾਲੋਂ ਵਿਛੋੜ ਕੇ, ਆਪਣੀ ਮੰਨਤਾ ਪੂਜਾ ਕਰਾਉਣ ਲਈ, ਭੂਤ ਪ੍ਰੇਤ ਪੂਜਣ'ਚ ਲਾ ਦੇਣਾ। ਪੰਖਡ ਦੇ ਅਨੇਕਾਂ ਭੇਖ ਧਾਰਨ ਰੂਪ ਛਲ (ਨਾਟਕ) ਤਮਾਸ਼ੇ, ਮਦਾਰੀ ਵਾਂਗ (ਚੇਟਕ) ਜਾਦੂ ਨਾਲ ਕੁੱਝ ਦਾ ਕੁੱਝ ਬਣਾ ਕੇ ਦਿਖਾ ਦੇਣਾ, ਜਿਨ੍ਹਾਂ ੨ ਨੇ ਇਹ ਛਲ ਰੂਪ ਨਾਟਕ ਚੇਟਕ (ਕੀਏ) ਕੀਤੇ, ਉਨ੍ਹਾਂ ਨੇ ਇਹ (ਕੁਕਾਜਾ) ਧਰਮ ਹੀਣ ਖੋਟੇ ਕੰਮ ਕੀਤੇ, ਕਿਉਂ ਜੋ ਪਰਉਪਕਾਰ ਕਰਨ, ਪਰਮ ਪੂਜਨੀਕ ਖਰੇ ਪਿਆਰੇ ਰੱਬਜੀ ਦੀ ਬੰਦਗੀ ਕਰਨ ਕਰਾਉਣ ਦੀ ਬਜਾਏ, ਆਪਣੀ ਪੂਜਾ ਰਸ ਭੋਗਣ'ਚ ਲੱਗ ਕੇ.ਰੋਗੀ ਸੋਗੀ ਕਲੰਕੀ ਹੋ

Sri Satguru Jagjit Singh Ji eLibrary NamdhariElibrary@gmail.com

ਗਏ। ਨਾਮੁ ਬਿਸਾਰਿ; ਕਰੇ ਰਸ ਭੋਗ॥ ਸੁਖੁ ਸੁਪਨੈ ਨਹੀ; ਤਨ ਮਹਿ ਰੋਗ॥) ਖਸਮੁ ਵਿਸਾਰਿ; ਕੀਏ ਰਸ ਭੋਗ॥ ਤਾਂ ਤਨਿ, ਉਠਿ ਖਲੋਏ ਰੋਗ॥) ਪ੍ਰਭ ਲੋਗਨ ਕਹ; ਆਵਤ ਲਾਜਾ॥ ੧੪॥ (ਪ੍ਰਭ) ਵਾਹਿਗੁਰੂਜੀ ਦੇ ਪਿਆਰੇ ਪੂਰਨ ਪ੍ਰੇਮੀ ਪੂਰਨ ਧਰਮੀ ਸੰਤ (ਲੋਗਨ) ਲੋਕਾਂ (ਕਹ) ਨੂੰ, ਨਾਟਕ ਚੇਟਕ ਕਰਦਿਆਂ, (ਲਾਜਾ) ਸ਼ਰਮ (ਆਵਤ) ਆਉਂਦੀ ਹੈ, ਭਾਵ ਇਹ ਕਦਾਚਿੱਤ ਨਹੀਂ ਕਰਦੇ। ਕਬੀਰ.ਸੰਤੁ ਨ ਛਾਡੈ ਸੰਤਈ; ਜਉ ਕੋਟਿਕ ਮਿਲਹਿ ਅਸੰਤ॥ ਮਲਿਆਗਰੁ ਭੁਯੰਗਮ ਬੇਢਿਓ; ਤ ਸੀਤਲਤਾ.ਨ ਤਜੰਤ॥ ੧੭੪॥

(ਦਿੱਲੀਸਿ) ਦੋਹਰਾ॥ ਠੀਕਰਿ ਫੋਰਿ ਦਿਲੀਸਿ ਸਿਰਿ; ਪ੍ਰਭ ਪੁਰ ਕੀਯਾ ਪਯਾਨ॥ ਤੇਗਬਹਾਦਰ ਸੀ ਕ੍ਰਿਆ; ਕਰੀ ਨ ਕਿਨਹੂੰ ਆਨ॥ ੧੫॥ ਧੰਨ ਪਰਮਪੂਜਨੀਕ ਸੱਚੇ ਸਤਿਗੁਰੂ ਦਸਵੇਂ ਪਾਤਿਸ਼ਾਹਜੀ, ਆਪਣੇ ਪਰਮਪੂਜਨੀਕ ਧੀਰਜਧਾਰੀ ਨਿਰੰਕਾਰੀ ਪਿਤਾਜੀ ਨੂੰ ਤਿਲਕ ਜੰਞੂ; ਰਾਖਾ ਪ੍ਰਭ ਤਾ ਕਾ॥ ਅਨੁਸਾਰ ਪ੍ਰਭੂ ਵਾਹਿਗੁਰੂ ਮੰਨਦੇ ਹਨ, ਇਸ ਲਈ ਸੱਚੇ ਪਾਤਿਸ਼ਾਹਜੀ ਦੀ, ਗੁਰ ਅੰਮ੍ਰਿਤ ਭਿੰਨੀ ਦੇਹੁਰੀ; ਨੂੰ ਠੀਕਰਾ ਕਹਿਣਾ, ਗੁਰੂਜੀ ਦੇ ਦੀਰਘ ਆਸ਼ੇ ਅਨੁਸਾਰ ਠੀਕ ਨਹੀਂ। ਵਾਹਿਗੁਰੂ ਸੱਚੇ ਸਤਿਗੁਰੂ ਦਸਵੇਂ ਪਾਤਿਸ਼ਾਹਜੀ ਸੱਚੇ ਸਤਿਗੁਰੂ ਸਾਹਿਬਜੀ ਦੀ ਸ਼ਹੀਦੀ ਬਾਰੇ ਦੋਹਰਾ ਉਚਾਰਦੇ ਹਨ:- ਪਰਮਪੂਜਨੀਕ ਪਿਤਾ ਸੱਚੇ ਸਤਿਗੁਰੂ ਨੌਵੇਂ ਪਾਤਿਸ਼ਾਹਜੀ ਨੇ, ਮਹਾਨ ਧੀਰਜ ਟਿਕਾਅ ਸ਼ਾਂਤੀ ਪੂਰਨ ਖਿਮਾ'ਚ ਰਹਿੰਦਿਆਂ, ਆਪਣਾ ਪਰਮਪਵਿੱਤ੍ਰ ਸੀਸ ਬਲੀਦਾਨ ਦੇ ਕੇ, ਸੰਤ ਦੋਖੀ ਅਤਿ ਨੀਚ ਪਾਪੀ (ਦਿਲੀਸਿ) ਔਰੰਗਜ਼ੇਬ ਦਾ ਹੰਕਾਰੀ ਸਿਰਿ, (ਫੋਰਿ) ਭੰਨ ਕੇ, (ਠੀਕਰਿ) ਠੀਕਰਾ ਨਿਕੰਮਾ ਨਿਕਾਰਾ ਬਣਾ ਦਿਤਾ। (ਪ੍ਰਭ) ਅਸੰਖ ਪ੍ਰਕਾਸ਼ ਹੀ ਪ੍ਰਕਾਸ਼ ਵਿਸਮਾਦ ਸਰੂਪ, ਸਭ ਦੇ ਅੰਦਰ ਬਾਹਰ ਹਰ ਸਮੇਂ ਅਜਪਾ ਜਾਪ ਜਪ ਕਰ ਰਹੇ, ਸ੍ਰਬ ਵਿਆਪੀ ਅਨਤ ਕਲਾਵਾਨ ਮਹਾਂ ਵਿਸਮਾਦ, ਸ੍ਰਬ ਪ੍ਰਕਾਸ਼ਕ ਨਿਰਮਲ ਨਿਰਵੈਰ ਨਿਰਲੇਪ ਸਦਾ ਦਿਆਲ ਕ੍ਰਿਪਾਲ ਵਾਹਿਗੁਰੂਜੀ ਦੀ (ਪੁਰ) ਪੁਰੀ ਸੱਚਖੰਡ ਨੂੰ (ਪਯਾਨ) ਜਾਣਾ (ਕੀਯਾ) ਕੀਤਾ। ਜਿਉ ਜਲ ਮਹਿ; ਜਲੁ ਆਇ ਖਟਾਨਾ॥ ਤਿਉ ਜੋਤੀ ਸੰਗਿ; ਜੋਤਿ ਸਮਾਨਾ॥ ਮਿਟਿ ਗਏ ਗਵਨ; ਪਾਏ ਬਿਸ੍ਰਾਮ॥ ਨਾਨਕ ਪ੍ਰਭ ਕੈ; ਸਦ ਕੁਰਬਾਨ॥) ਹਰਿ ਕੇ ਸੰਗ; ਬਸੇ ਹਰਿ ਲੋਕ॥ ਤਨੁ ਮਨੁ ਅਰਪਿ.ਸਰਬਸੁ ਸਭੁ ਅਰਪਿਓ; ਅਨਦ ਸਹਜ ਧੁਨਿ ਝੋਕ॥) ਸੂਰਜ ਕਿਰਣਿ ਮਿਲੇ; ਜਲ ਕਾ ਜਲੁ ਹੂਆ. ਰਾਮ॥ ਜੋਤੀ ਜੋਤਿ ਰਲੀ; ਸੰਪੂਰਨੁ ਥੀਆ ਰਾਮ॥) ਜਲ ਤਰੰਗੁ ਜਿਉ ਜਲਹਿ ਸਮਾਇਆ॥ ਤਿਉ ਜੋਤੀ ਸੰਗਿ; ਜੋਤਿ ਮਿਲਾਇਆ॥

ਤੇਗਬਹਾਦਰ ਸੀ ਕ੍ਰਿਆ; ਕਰੀ ਨ ਕਿਨਹੂੰ ਆਨ॥ ੧੫॥ ਪੂਰਨ ਪ੍ਰਪੱਕ ਦ੍ਰਿੜ ਧਰਮੀ ਪਰਮਪੂਜਨੀਕ ਪਿਤਾ ਸੱਚੇ ਸਤਿਗੁਰੂ ਤੇਗਬਹਾਦਰ ਸਾਹਿਬਜੀ, (ਸੀ) ਜੈਸੀ, ਗੁਰੂ ਭਗਤੀ ਪਰਉਪਕਾਰ ਆਪਣੀ, ਆਪਣੇ ਪਿਆਰੇ ਸਿੱਖਾਂ ਦੀ ਕੁਰਬਾਨੀ ਦੇਣ ਰੂਪ ਕ੍ਰਿਆ, ਹੋਰ ਕਿਸੇ ਨੇ ਭੀ ਨਹੀਂ ਕੀਤੀ, ਕਿਉਂ ਜੋ ਆਪਜੀ ਨੇ, ਧੰਨ ਗੁਰੂ ਨਾਨਕ ਦੇਵ ਸਾਹਿਬਜੀ ਦੀ ਗੁਰਤਾ ਦੇ ਮਾਲਕ ਬਣ ਕੇ, ਸਰਬ ਵਿਆਪੀ ਮਹਾਂ ਵਿਸਮਾਦ ਪ੍ਰੇਮਾ-ਭਗਤੀ ਕਥਾ ਕੀਰਤਨ ਕਰਕੇ ਅਨੇਕਾਂ ਜੀਆਂ ਨੂੰ ਤਾਰਿਆ, ਜੀਆਂ ਨੂੰ ਗੁਰੂ ਮਰਯਾਦਾ, ਗੁਰਬਾਣੀ ਬਖ਼ਸ਼ੀ। ਆਪ ਲੋਹੇ ਦੇ ਤੰਗ ਪਿੰਜਰੇ'ਚ ਤਿੱਖੇ ਕਿੱਲਾਂ ਵਿੱਚਕਾਰ ਅਡੋਲ ਬੈਠੇ, ਭੁੱਖ ਉਨੀਂਦ੍ਰਾ ਕੁਬੋਲ ਸਹਾਰੇ, ਖਿਮਾ ਧੀਰਜ ਸ਼ਾਂਤੀ ਭਾਣੇ'ਚ ਪ੍ਰਸੰਨ ਰਹਿ ਕੇ ਖਿੜੇ ਮੱਥੇ, ਸ੍ਰਬੱਤ ਦੇ ਭਲੇ ਹਿਤ, ਮਹਾਨ ਉੱਚੀ ਸੇ ਉੱਚੀ ਸ਼ਹੀਦੀ ਦਿਤੀ।

ਤੇਗਬਹਾਦਰ ਕੇ ਚਲਤ; ਭਯੋ ਜਗਤ ਕੋ ਸੋਕ॥ ਧੰਨ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਤੇਗਬਹਾਦਰ ਸਾਹਿਬ ਸੱਚੇ ਪਾਤਿਸ਼ਾਹਜੀ (ਕੇ) ਦੇ ਸੀਸ ਕੁਰਬਾਨ ਕਰਨ ਰੂਪ ਅਤਿਅੰਤ ਵੈਰਾਗਮਈ

Sri Satguru Jagjit Singh Ji eLibrary NamdhariElibrary@gmail.com

(ਚਲਤ) ਕੌਤਕ ਨੂੰ ਤੱਕ ਕੇ, ਸਾਰੇ ਜਗਤ (ਕੋ) ਨੂੰ ਮਰਨ ਸਮਾਨ, ਬਹੁਤ ਭਾਰੀ (ਸੋਕ) ਸੋਗ (ਭਯੋ) ਹੋਇਆ। ਜਾਨੀ ਵਿਛੁੰਨੜੇ.ਮੇਰਾ ਮਰਣੁ ਭਇਆ; ਧ੍ਰਿਗੁ ਜੀਵਣੁ ਸੰਸਾਰੇ॥ ਪ੍ਰੇਮ ਵੈਰਾਗ ਸਹਿਤ, ਗੁਰੂ ਪ੍ਰੇਮੀਆਂ ਨੇ ਸੱਚੇ ਪਾਤਿਸਾਹਜੀ ਦੀ ਸ਼ਹੀਦੀ ਤੱਕ ਕੇ, ਪੂਰਨ ਗੁਰਾਂ ਤੋਂ ਕੁਰਬਾਨ ਹੋਣ ਦਾ ਪੂਰਨ ਪ੍ਰਪੱਕ ਦ੍ਰਿੜ ਨਿਸਚਾ, ਸੱਚੇ ਪਾਤਿਸਾਹਜੀ ਤੋਂ ਪ੍ਰਾਪਤ ਕਰ ਲਿਆ ਹੈ।

ਹੈ ਹੈ ਹੈ.ਸਭ ਜਗ ਭਯੋ; ਜੈ ਜੈ ਜੈ ਸੁਰਲੋਕ॥ ੧੬॥ ਸਿੱਖਾਂ'ਚ (ਹੈ) ਹਾਹਾ-ਕਾਰ, ਮੁਸਲਮਾਨਾਂ'ਚ (ਹੈ) ਹਾਹਾਕਾਰ, ਹਿੰਦੂਆਂ'ਚ (ਹੈ) ਹਾਹਾਕਾਰ, ਸਭ ਜਗ'ਚ (ਭਯੋ) ਹੋਇਆ, ਭਾਵ ਸਾਰੇ ਬ੍ਰਹਮੰਡਾਂ ਦੇ ਵਣ ਪੰਛੀ ਰੋਣ ਲੱਗੇ। ਮੈ ਰੋਵੰਦੀ. ਸਭੁ ਜਗੁ ਰੁਨਾ; ਰੁੰਨੜੇ ਵਣਹੁ ਪੰਖੇਰੂ॥) ਨਾਨਕ.ਰੁੰਨਾ ਬਾਬਾ ਜਾਣੀਐ; ਜੇ ਰੋਵੈ ਲਾਇ ਪਿਆਰੋ॥ ਬੈਕੁੰਠ'ਚ ਜੈ ਜੈਕਾਰ, ਬ੍ਰਹਮ ਲੋਕ'ਚ ਜੈ ਜੈਕਾਰ, (ਸੁਰਲੋਕ) ਸੁਰਗਪੁਰੀ'ਚ ਜੈ ਜੈਕਾਰ ਹੋ ਗਿਆ॥ ੧੬॥

੬. ਅਕਾਲ ਪੁਰਖ ਜੀ ਵੱਲੋਂ ਮਹੱਲੇ ਨੌਂਵੇਂ ਜੀ ਦੀ ਸ੍ਰਬ ਵਿਆਪੀ ਮਹਾਂ ਵਿਸਮਾਦ ਮਹਿਮਾ:- ਅਸੰਖ ਅਰਬ ਖ਼ਰਬ ਬ੍ਰਹਮੰਡਾਂ ਧਰਤੀਆਂ ਹਵਾਵਾਂ ਪਾਣੀਆਂ, ਫੁੱਲਾਂ ਪੱਤਿਆਂ ਵਾਲੀਆਂ ਬਨਾਸਪਤੀਆਂ, ਸੰਤਾਂ ਭਗਤਾਂ ਸ਼ਹੀਦਾਂ ਗੁਰਮੁਖਾਂ ਦੇਵਤਿਆਂ ਅਵਤਾਰਾਂ ਦੈਂਤਾਂ ਰਿਖੀਆਂ ਮੁਨੀਆਂ, ਸੂਰਜਾਂ ਚੰਦ੍ਰਮਿਆਂ ਬਿਜਲੀਆਂ ਅਗਨੀਆਂ ਟਟਿਆਣਿਆਂ ਤਾਰੇ ਮੰਡਲਾਂ ਅਤੇ ਇਨ੍ਹਾਂ ਦੀਆਂ ਸੋਹਣੀਆਂ ਕਿਰਨਾਂ ਅਤੇ ਇਨ੍ਹਾਂ ਦੀ ਸੁੰਦਰਤਾਈ ਸਮੇਤ, ਕ੍ਰੋੜਾਂ ਬ੍ਰਹਮੰਡਾਂ ਦੇ ਪਸਾਰੇ, ਆਪਣੇ ਸਰਗੁਨ ਸਰੂਪ ਜੀ 'ਚ ਵਸ ਕੇ, ਇਸ ਨੂੰ ਆਪਣੇ ਆਸਰੇ ਟਿਕਾਅ ਕੇ, ਇਸ ਸਰਗੁਨ ਸਰੂਪ ਜੀ ਸਮੇਤ, ਜੁਗੁ ਜੁਗੁ ਸਾਚਾ; ਹੈ ਭੀ ਹੋਸੀ॥ ਵਾਹਿਗੁਰੂ ਹਰ ਪ੍ਰਾਣੀ ਦੇ ਅੰਦਰ ਬਾਹਰ ਹਰ ਸਮੇਂ ਭਰਪੂਰ ਪ੍ਰਕਾਸ਼ਕ ਨਿਰਗੁਨ ਬ੍ਰਹਮਜੀ, ਨਮਸਕਾਰ ਕਰਦਿਆਂ ਹਰ ਸਮੇਂ ਜਪ ਰਹੇ ਹਨ। ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਸਤਿਗੁਰੂ ਤੇਗਬਹਾਦਰ ਸਾਹਿਬਜੀ ਧੰਨ ਹਨ। ਆਪਣੇ ਪਰਮਪਵਿੱਤ੍ਰ ਸ਼ੁਭ ਸੱਚੇ ਪਰਉਪਕਾਰੀ ਸੀਸ ਸਾਹਿਬਜੀ ਕੁਰਬਾਨ ਕਰ ਦਿੱਤੇ, ਗਰੀਬਾਂ ਦੀ ਬਾਂਹ ਫੜ ਕੇ ਨਹੀਂ ਛੱਡੀ, ਲੱਜਿਆ ਪਤਿ ਰੱਖ ਲਈ। ਚਿੱਤ ਚਰਨਕਮਲ ਕਾ ਆਸਰਾ; ਚਿੱਤ ਚਰਨਕਮਲ ਸੰਗ ਜੋੜੀਏ। ਮਨ ਲੋਚੇ ਬੁਰਿਆਈਆਂ; ਗੁਰਸ਼ਬਦੀਂ ਇਹੁ ਮਨ ਹੋੜੀਏ। ਗੁਰ ਤੇਗਬਹਾਦਰ ਬੋਲਿਆ; ਧਰ ਪਈਏ, ਧਰਮ ਨ ਛੋੜੀਏ। ਬਾਂਹ ਜਿਨ੍ਹਾਂ ਦੀ ਪਕੜੀਏ; ਸਿਰ ਦੀਜੀਏ, ਬਾਂਹ ਨ ਛੋੜੀਏ। ਵਾਹਿਗੁਰੂ ਮਹੱਲਾ ਦਸਵਾਂ ਜੀ ਸ੍ਰਬ ਵਿਆਪੀ ਮਹਾਂ ਵਿਸਮਾਦ ਪਿਆਰ ਸਤਿਕਾਰ ਸਹਿਤ, ਅਰਦਾਸ'ਚ ਫ਼ੁਰਮਾਉਂਦੇ ਹਨ:-ਤੇਗਬਹਾਦਰ ਸਿਮਰਿਐ; ਘਰ ਨਉਨਿਧਿ ਆਵੈ ਧਾਇ॥ ਇਸ ਲਈ ਉਪ੍ਰੋਕਤ ਪੂਰਨ ਵੈਰਾਗਮਈ ਬਾਣੀ, ਗੁਰੂ ਜਸ ਨੂੰ, ਅਰਥਾਂ ਸਹਿਤ, ਜ਼ਬਾਨੀ ਕੰਠ ਕਰਕੇ ਹਰ ਸਮੇਂ ਗਾ ਕੇ, ਅਭਿਆਸ ਕਰਨ ਦੇ ਬੇਅੰਤ ਲਾਹੇ ਹੀ ਲਾਹੇ ਹਨ।

੭. ਵਾਹਿਗੁਰੂ॥ ਗੁਰ ਨਾਲਿ ਤੁਲਿ.ਨ ਲਗਈ; ਖੋਜਿ ਡਿਠਾ ਬ੍ਰਹਮੰਡੁ॥ ਨਾਮੁ ਨਿਧਾਨੁ.ਸਤਿਗੁਰਿ ਦੀਆ; ਸੁਖੁ ਨਾਨਕ.ਮਨ ਮਹਿ ਮੰਡੁ॥) ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ; ਗੁਰਦੇਵ ਨਾਨਕ ਹਰਿ ਨਮਸਕਰਾ॥) ਵਾਹੁ ਵਾਹੁ ਬਾਣੀ ਨਿਰੰਕਾਰ ਹੈ; ਤਿਸੁ ਜੇਵਡੁ, ਅਵਰੁ ਨ ਕੋਇ॥) ਬੇਸੁਮਾਰ ਅਥਾਹ, ਅਗਨਤ ਅਤੋਲੈ॥ ਪਰਮਪੂਜਨੀਕ ਧੰਨ ਵਾਹਿਗੁਰੂ ਜੁੱਗੋ ਜੁੱਗ ਅਟੱਲ ਗੁਰਤਾ ਬਿਰਾਜਮਾਨ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬਜੀ ਦਾ ਰਸਮਈ ਪਿਆਰਾ ਅਸਤੋਤ੍ਰ:-ਹੇ ਪਾਰਬ੍ਰਹਮ ਅਨੰਤ ਕਲਾਵਾਨ ਵਾਹਿਗੁਰੂਜੀ ਦੇ ਪੂਰਨ ਗੁਰ ਅਵਤਾਰ! ਜਾਹਰ ਪੀਰ ਜਗਤੁ ਗੁਰੁ ਬਾਬਾ॥ ੩॥ ਪਰਮਪੂਜਨੀਕ ਸੱਚੇ ਸਤਿਗੁਰੂ! ਧਨੁ ਧਨੁ ਸਤਪੁਰਖੁ, ਸਤਿਗੁਰੂ ਹਮਾਰਾ; ਜਿਤੁ ਮਿਲਿਐ, ਹਮ ਹਰਿ ਭਗਤਿ ਪਾਈ॥ ਅਨੁਸਾਰ ਭਾਉ-ਭਗਤੀ ਦੇ ਦਾਤੇ.ਸ੍ਰੀ ਗੁਰੂ ਗ੍ਰੰਥ ਸਾਹਿਬਜੀਓ! ਆਪਜੀ ਆਪ ਹੀ ਆਪਣੀ ਨਦਰ

Sri Satguru Jagjit Singh Ji eLibrary NamdhariElibrary@gmail.com

ਅੰਮ੍ਰਿਤ ਕ੍ਰਿਪਾ ਕਰਕੇ, ਪਰਮਪਵਿੱਤ੍ਰ ਅੰਮ੍ਰਿਤ ਖ਼ੂਬ ਮਿੱਠੀ ਆਪਣੀ ਪ੍ਰੇਮਾ-ਭਗਤੀ ਪਿਆਰਾ ਜਸ, ਅਜਪਾ ਜਾਪ ਸੇਵਾ ਸੱਚੇ ਚਰਨ-ਕਮਲਾਂ'ਚ ਲੀਣਤਾ ਬਖ਼ਸ਼ੋ ਜੀ!

ਵਾਹਿਗੁਰੂ॥ ਹੁਣ ਗੁਰਤਾ ਬਿਰਾਜਮਾਨ ਸਦਾ ਸਦਾ ਮਿਹਰਵਾਨ ਅਨੰਤ ਕਲਾਵਾਨ ਵਾਹਿਗੁਰੂ ਸਤਿਗੁਰੂ ਭਗਵਾਨ, ਧਨੁ ਧਨੁ ਸਤਪੁਰਖੁ.ਸਤਿਗੁਰੂ ਹਮਾਰਾ; ਜਿਤੁ ਮਿਲਿਐ.ਹਮ ਕਉ ਸਾਂਤਿ ਆਈ॥ ਅਨੁਸਾਰ ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਸੱਚੇ ਸਤਿਗੁਰੂ ਗ੍ਰੰਥ ਸਾਹਿਬਜੀ ਧੰਨ ਹਨ! ਪਰਮਪੂਜਨੀਕ ਵਾਹਿਗੁਰੂ ਮਹੱਲੇ ਪੰਜਵੇਂ ਜੀ ਨੇ ਸ੍ਰੀ ਰਾਮਸਰ ਸਾਹਿਬਜੀ ਵਿਖੇ, ਭਾਈ ਗੁਰਦਾਸ ਸਾਹਿਬਜੀ ਤੋਂ ਲਿਖਵਾਏ, ਸ੍ਰੀ ਹਰਿਮੰਦਰ ਸਾਹਿਬਜੀ ਵਿਖੇ ਭਾਦ੍ਰੋਂ ਸੁਦੀ ਏਕਮ ੧੬੬੧ ਬਿ:ਸੰਮਤ ਨੂੰ ਹਰੀ ਹਰਿਮੰਦਰ ਸਾਹਿਬਜੀ ਵਿਖੇ ਪਹਿਲੀ ਵਾਰ ਪ੍ਰਕਾਸ਼ੇ। ਆਪ ਗੁਰਤਾ ਦੇ ਮਾਲਕ ਹੁੰਦਿਆਂ, ਸਤਿਗੁਰੂ ਗ੍ਰੰਥ ਸਾਹਿਬਜੀ ਮਹਾਰਾਜ ਦੇ ਚਰਨ-ਕਮਲਾਂ 'ਚ ਪੂਰਨ ਗ਼ਰੀਬੀ ਸੇਵਕ-ਭਾਵ ਨਾਲ ਵਿਸਮਾਦ ਪ੍ਰੇਮ ਸਤਿਕਾਰ ਸਿਮਰਨ'ਚ ਲੀਣ ਸਜਦੇ। ਆਪਣੇ'ਤੇ ਚੌਰ ਨ ਕਰਾਉਂਦੇ, ਆਪਣੇ ਆਪ ਨੂੰ ਨ ਹੀ ਮੱਥਾ ਟਿਕਾਉਂਦੇ। ਆਪ ਪੂਜਣ ਕਰਦੇ, ਕਰਾਉਂਦੇ। ਧੰਨ ਪਿਆਰ ਸਤਿਕਾਰ ਦੀ ਹਰ ਵੇਲੇ ਵਰਖਾ ਹੋ ਰਹੀ ਹੈ ਕਿ ਗੁਰੂਜੀ ਨੇ ਆਪ ਤਿਆਗ ਕੇ, ਸਭ ਦੀ ਚਰਨ-ਧੂੜ ਬਣ ਕੇ, ਸਤਿਗੁਰੂ ਗ੍ਰੰਥ ਸਾਹਿਬਜੀ ਦਾ ਪ੍ਰਕਾਸ਼ ਪੂਜਣ ਅਤਿਅੰਤ ਉਚੇ ਦਰਜੇ ਦਾ ਕੀਤਾ, ਕਿਉਂ ਜੋ ਸ੍ਰੀ ਹਰਿਮੰਦਰ ਸਾਹਿਬਜੀ ਵਿਖੇ ਪ੍ਰਕਾਸ਼ੇ। ਬਹੁਤ ਭਾਰੀ ਖੁਸ਼ੀ-ਭਰੀ ਰਸ-ਭਰੀ ਸੁਭ ਸੱਚੀ ਸਿੱਖਿਆ ਹੈ।

ਵਾਹਿਗੁਰੂ॥ ਸ੍ਰੀ ਦਮਦਮੇ ਸਾਹਿਬਜੀ ਵਿਖੇ, ਪਰਮਪੂਜਨੀਕ ਸੱਚੇ ਸਤਿਗੁਰੂ ਦਸਵੇਂ ਪਾਤਿਸ਼ਾਹਜੀ ਨੇ ਵਾਹਿਗੁਰੂ ਪੂਰਨ ਸੱਚੇ ਗਹਿਰ ਗੰਭੀਰ ਭਾਰੇ ਨਾਮ ਦੇ ਦਾਤੇ, ਸਤਿਗੁਰੂ ਗ੍ਰੰਥ ਸਾਹਿਬਜੀ ਮਹਾਰਾਜ ਜੀ, ਆਪਣੇ ਕੰਠੋਂ ਉਚਾਰੇ। ਗੁਰੂ ਹਿਤ ਬੰਦ ੨ ਕਟਾਉਣ ਵਾਲੇ, ਬ੍ਰਹਮਗਿਆਨੀ; ਪਰਉਪਕਾਰ ਉਮਾਹਾ॥ ਭਾਈ ਮਨੀਸਿੰਘ ਸਾਹਿਬਜੀ ਤੋਂ ਲਿਖਵਾਏ। ਵਾਹਿਗੁਰੂ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬਜੀ ਵਿਖੇ ਸ੍ਰੀ ਸਾਹਿਬ ਪੰਜ ਪੈਸੇ ਤੇ ਨਾਰੀਅਲ ਪ੍ਰੇਮ ਭੇਟਾ ਸਾਹਮਣੇ ਰੱਖ ਕੇ, ਤਿੰਨ ਪ੍ਰਕਰਮਾਂ ਕਰਕੇ ਮੱਥਾ ਟੇਕ ਕੇ ਆਪਜੀ ਨੂੰ, ਜੁੱਗੋ ਜੁੱਗ ਅਟੱਲ ਗੁਰਤਾ ਬਖ਼ਸ਼ੀ, ਗੁਰੂ ਖ਼ਾਲਸਾ ਪੰਥ ਜੀ ਤੋਂ ਪ੍ਰੇਮ ਭੇਟਾਵਾਂ ਸਹਿਤ ਮੱਥਾ ਟਿਕਾਇਆ। ਗੁਰੂ ਰੂਪ ਖ਼ਾਲਸਾ ਪੰਥ ਜੀ ਸਦਾ ਲਈ ਆਪਜੀ ਦੇ ਪਰਮਪਵਿੱਤ੍ਰ ਸੱਚੇ ਚਰਨ-ਕਮਲਾਂ'ਤੇ ਪਾਏ। ਧੰਨ ਵਾਹਿਗੁਰੂ ਸਤਿਗੁਰੂ ਗ੍ਰੰਥ ਸਾਹਿਬਜੀ ਕਲਜੁੱਗ'ਚ ਪੂਰਨ ਗੁਰੂ ਪ੍ਰਗਟਾਏ। ਕੱਚੇ ਗੁਰੂ ਦੰਭ ਪਖੰਡ ਸਭ ਦੇ ਅਉਗਣ ਮੇਟਣ ਲਈ, ਸਦਾ ਗੁਰਤਾ'ਤੇ ਸਜਾਏ। ਹਰਿ ਜੁਗਹ ਜੁਗੋ.ਜੁਗ ਜੁਗਹ ਜੁਗੋ; ਸਦ ਪੀੜੀ ਗੁਰੂ ਚਲੰਦੀ॥ ਜੁਗਿ ਜੁਗਿ ਪੀੜੀ ਚਲੈ, ਸਤਿਗੁਰ ਕੀ; ਜਿਨੀ ਗੁਰਮੁਖਿ ਨਾਮੁ ਧਿਆਇਆ॥

ਵਾਹਿਗੁਰੂ ਸਦਾ ਪੂਰਨ ਮੇਹਰਵਾਨ ਦਾਤੇ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਸਾਹਿਬਜੀ ਆਪਣੇ ਪ੍ਰੇਮੀਜੀ ਦੇ ਦਿਲ ਦਿਮਾਗ਼'ਚ ਹਰ ਸਮੇਂ ਗੁਰਬਾਣੀ ਭੇਜ ਕੇ, ਲੂੰ ੨'ਚ ਵਸ ਕੇ ਗੁਰੂ ਪ੍ਰੇਮਾ-ਭਗਤੀ ਸਹਿਤ, ਨਿਰਗੁਨ ਸਰਗੁਨ ਸਾਹਿਬਜੀ ਦੀ ਅਮੋਲਕ ਏਕਤਾ ਬਖ਼ਸ਼ ਕੇ, ਆਪਣੀ ਮਹਿਮਾ ਗੁਰ ਕਿਰਪਾ ਤੇ ਜਾਣਿਆ; ਜਿਥੈ ਤੁਧੁ ਆਪੁ ਬੁਝਾਇਆ॥ ਅਨੁਸਾਰ ਆਪ ਹੀ ਬੁੱਝਾਉਂਦੇ ਹਨ। ਆਪਜੀ'ਚ ਜੋ ਪਰਮਪਵਿੱਤ੍ਰ ਅੱਖਰ ਲਿਖੇ ਹਨ, ਉਹ ਆਪਜੀ ਦੀ ਹੀ ਵਿਸਮਾਦ ਅਗਮ ਅਪਾਰ ਮਹਿਮਾ ਹੈ, ਜਿਵੇਂ ਵਾਹਿਗੁਰੂ ਰਾਮੁ ਹਰਿ ਅਲਹ ਖੁਦਾਇ ਭਗਵਾਨ ਗੋਬਿੰਦ ਸਿਰਜਨਹਾਰ ਨਿਰੰਕਾਰ ਪਰਵਦਗਾਰ ਸਤਿਨਾਮੁ ਨਿਰਭਉ ਨਿਰਵੈਰੁ ਮੇਹਰਵਾਨ ਅੰਤਰਜਾਮੀ ਸਰਬਵਿਆਪੀ ਬੀਠਲ ਨਰਾਇਣ ਨਿਰਗੁਨ ਸਰਗੁਨ ਮਾਧੋ ਠਾਕੁਰ ਮੁਕੰਦ ਅਕਾਲ ਪੁਰਖ ਕਰਤਾ ਵਾਹੁ ਸਚੇ ਸਤਿਗੁਰੂ) ਤੇਰੇ ਨਾਮ ਅਨੇਕਾ, ਰੂਪ ਅਨੰਤਾ; ਕਹਣੁ ਨ ਜਾਹੀ, ਤੇਰੇ ਗੁਣ ਕੇਤੇ॥ ਅਨੁਸਾਰ ਬੇਅੰਤ ਅਮੋਲਕ ਹੀਰੇ ਜਵਾਹਰਾਤ ਆਦਿ,ਤੇਰੇ ਲਾਲ ਮੋਤੀ ਨਾਮ ਹਨ।ਇਹ ਸਭ ਸੱਚੇ ਸਤਿਗੁਰੂ ਸਾਹਿਬ ਦੀ ਹੀ ਮਿੱਠੀ ਪਿਆਰੀ ਮਹਿਮਾ ਉਪਮਾ ਹੈ ਭਾਵ ਇਹ

Sri Satguru Jagjit Singh Ji eLibrary NamdhariElibrary@gmail.com

ਸਭ ਗੁਣ ਆਪਜੀ ਦੇ ਹੀ ਹਨ। ਹੇ ਨਿਰਭਉ ਨਿਰੰਕਾਰ ਨਿਰਵੈਰ ਨਿਰਾਹਾਰ ਨਿਰਬਿਕਾਰ ਸੱਚੇ ਸਿਰਜਨਹਾਰ ਪਰਮਪੂਜਨੀਕ ਧੰਨ ਵਾਹਿਗੁਰੂ ਸੱਚੇ ਸਤਿਗੁਰੂ ਗ੍ਰੰਥ ਸਾਹਿਬਜੀ ਮਹਾਰਾਜ ਜੀ!ਆਪਜੀ ਨੇ,ਪ੍ਰਗਟੁ ਸਗਲ ਹਰਿ ਭਵਨ ਮਹਿ;ਜਨੁ ਨਾਨਕੁ ਗੁਰ ਪਾਰਬ੍ਰਹਮ॥)ਸਭ ਤੇ ਵਡਾ ਸਤਿਗੁਰੁ ਨਾਨਕੁ;ਜਿਨਿ ਕਲ ਰਾਖੀ ਮੇਰੀ॥ਪਰਮਪਵਿੱਤ੍ਰ ਪਰਮਪੂਜਨੀਕ ਪਹਿਲੇ ਜਾਮੇ ਅੰਦਰ ਸਿੱਖੀ ਦਾ ਬਾਗ਼ ਲਾ ਕੇ,ਅੰਮ੍ਰਿਤ ਪਰਮਪਵਿੱਤ੍ਰ ਗੁਰਬਾਣੀ ਨਾਮੁ ਜਲ ਨਾਲ ਸਿੰਜਿਆ ਹੈ।ਇਹ ਸਭ ਪ੍ਰਮਾਣ ਪਰਮਪੂਜਨੀਕ ਸੱਚੇ ਸਤਿਗੁਰੂ ਗ੍ਰੰਥ ਸਾਹਿਬਜੀ ਸੱਚੇ ਪਾਤਿਸ਼ਾਹਜੀ ਦੀ ਹੀ ਮਹਿਮਾ ਹੈ:- ਸਤ ਸੰਤੋਖੀ; ਸਤਿਗੁਰੁ ਪੂਰਾ॥ਸਤ ਸੰਤੋਖ ਦੇ ਦਾਤੇ ਹਨ।ਸਮੂਹ ਸਿੱਖਾਂ ਨੂੰ ਅਨਿਕ ਪ੍ਰਕਾਰ ਕਰਕੇ ਸੁਖ ਬਖ਼ਸ਼ਣ ਵਾਲੇ।ਸਰਬ ਸੁਖਾ ਕਾ ਦਾਤਾ ਸਤਿਗੁਰੁ;ਤਾ ਕੀ ਸਰਨੀ ਪਾਈਐ॥)ਤਿਨ ਬੇਦੀਯਨ ਕੇ ਕੁਲ ਬਿਖੇ;ਪ੍ਰਗਟੇ ਨਾਨਕ ਰਾਇ॥ਸਭ ਸਿੱਖਨ ਕੋ ਸੁਖ ਦਏ;ਜੱਹ ਤੱਹ ਭਏ ਸਹਾਇ॥)ਤੁਧੁ ਭਾਵੈ ਤਾ ਨਾਮੁ ਜਪਾਵਹਿ;ਸੁਖੁ ਤੇਰਾ ਦਿਤਾ ਲਹੀਐ॥)ਦੂਖ ਤਿਸੈ ਪਹਿ ਆਖਅਹਿ; ਸੂਖ ਜਿਸੈ ਹੀ ਪਾਸਿ॥) ਕੋਟਿ ਸੂਖ ਆਨੰਦ ਰਾਜ ਪਾਏ; ਮੁਖ ਤੇ ਨਿਮਖ ਬੁਲਾਈ॥

ਵਾਹਿਗੁਰੂ ਗੁਰੂਜੀ ਸੁੱਕੇ ਜੀਆਂ ਨੂੰ ਹਰੇ ਭਰੇ ਕਰਨ ਵਾਲੇ,ਅੰਮ੍ਰਿਤ ਦ੍ਰਿਸ਼ਟੀ ਨਾਲ ਜੀਵਾਉਣ ਵਾਲੇ, ਸਰਬੱਤ ਦੇ ਭਲੇ ਦੀ ਸ਼ੁਭ ਸੱਚੀ ਸੇਵਾ ਬਖ਼ਸ਼ ਕੇ, ਕਸ਼ਟ ਕੱਟਣ ਵਾਲੇ ਹਨ।ਸੂਕੇ ਹਰੇ ਕੀਏ; ਖਿਨ ਮਾਹੇ॥ ਅੰਮ੍ਰਿਤ ਦ੍ਰਿਸਟਿ ਸੰਚਿ; ਜੀਵਾਏ॥੧॥ ਕਾਟੇ ਕਸਟ; ਪੂਰੇ ਗੁਰਦੇਵ॥ ਸੇਵਕ ਕਉ ਦੀਨੀ; ਅਪੁਨੀ ਸੇਵ॥ ਜੀਆਂ ਨੂੰ ਨਿਰਵੈਰ ਪਦ ਬਖਸ਼ਣ ਵਾਲੇ, ਵੈਰ ਦੇ ਅਹਾਰ ਤੋਂ ਰਹਿਤ ਸੁਖਦਾਤੇ ਹਨ। ਨਿਰਾਹਾਰ ਨਿਰਵੈਰ ਸੁਖਦਾਈ॥ ਤਾ ਕੀ ਕੀਮਤਿ; ਕਿਨੈ ਨ ਪਾਈ॥) ਨਿਰਾਹਾਰੀ ਨਿਰਵੈਰੁ ਸਮਾਇਆ॥) ਨਿਰਹਾਰੀ.ਕੇਸਵ ਨਿਰਵੈਰਾ॥ ਕੋਟਿ ਜਨਾ; ਜਾ ਕੇ ਪੂਜਹਿ ਪੈਰਾ॥ ਸੱਚੇ ਸਤਿਗੁਰੂ ਗ੍ਰੰਥ ਸਾਹਿਬਜੀ ਦੇ ਨਿਮਖ ਦਰਸ਼ਨਾਂ ਦਾ ਮਹਾਂ ਸੁਖ ਇਉਂ ਹੈ:- ਕੋਟਿ ਲਾਖ ਰਾਜ ਸੁਖ ਪਾਏ;ਇਕ ਨਿਮਖ ਪੇਖਿ ਦ੍ਰਿਸਟਾਨਾ॥

ਆਪਜੀ ਸਾਰੇ ਜੱਗ'ਤੇ ਬੇਅੰਤ ਥਾਵਾਂ'ਤੇ ਬੇਅੰਤ ਜੀਆਂ ਨੂੰ,ਅੰਮ੍ਰਿਤ ਗੁਰਬਾਣੀ ਕਥਾ ਕੀਰਤਨ ਬਖ਼ਸ਼ ਕੇ,ਸਦਾ ਲਈ ਨਿਹਾਲ ਕਰ ਰਹੇ ਹਨ,ਆਪਜੀ ਦੇ ਸਮੂਹ ਪਰਮਪਵਿੱਤ੍ਰ ਸਰੂਪਾਂ,ਸਮੂਹ ਗੁਰੂ ਅਸਥਾਨਾਂ ਸ੍ਰੋਵਰਾਂ ਸਤਿ ਸੰਗਤਾਂ ਰਾਗੀਆਂ ਕਥਾਕਾਰਾਂ ਧਰਮੀ ਯੋਧਿਆਂ,ਸੰਤਾਂ ਭਗਤਾਂ ਗੁਰਸਿੱਖਾਂ ਪ੍ਰੇਮੀਆਂ ਨੂੰ,ਦਾਸਨ ਦਾਸ ਖਿਨ ੨ ਕਾਲ ਰੋਮ ੨ ਕਰਕੇ,ਡੰਡਉਤ ਬੰਦਨਾ ਅਨਿਕਬਾਰ ਨਮਸਕਾਰ ਕਰਕੇ ਚਰਨ ਪੂਜਦਾ ਹੈ।ਤਿਸੁ ਜਨ ਕੇ ਪਗ.ਨਿਤ ਪੂਜੀਅਹਿ,ਮੇਰੀ ਜਿੰਦੁੜੀਏ;ਜੋ ਮਾਰਗਿ ਧਰਮ ਚਲੇਸਹਿ ਰਾਮ॥

ਆਪਜੀ ਸੜਦੇ ਬਲ਼ਦੇ ਜੱਗ'ਤੇ ਹੁਣ, ਸਾਚ ਨਾਮ ਕੀ ਅੰਮ੍ਰਿਤ ਵਰਖਾ॥ ਕਰਕੇ, ਸਤਿਗੁਰੁ ਦਾਤਾ ਨਾਮ ਕਾ; ਪੂਰਾ ਜਿਸੁ ਭੰਡਾਰੁ॥) ਸਤਿਗੁਰੁ ਦਾਤਾ.ਰਾਮ ਨਾਮ ਕਾ; ਹੋਰੁ ਦਾਤਾ.ਕੋਈ ਨਾਹੀ॥ ਜੀਅ ਦਾਨੁ ਦੇਇ ਤ੍ਰਿਪਤਾਸੇ; ਸਚੈ ਨਾਮਿ ਸਮਾਹੀ॥ ਅਨੁਸਾਰ ਸੰਸਾਰ ਨੂੰ ਪਰਮਪਵਿੱਤ੍ਰ ਅੰਮ੍ਰਿਤ ਨਾਮੁ ਦੀ ਦਾਤ ਦੇ ਕੇ, ਸ਼ਾਂਤੀ ਬਖ਼ਸ਼ ਕੇ ਹਰਾ ਭਰਾ ਕਰ ਰਹੇ ਹੋਂਜੀ। ਡੰਡਉਤਿ ਬੰਦਨ ਅਨਿਕਬਾਰ; ਸਰਬ ਕਲਾ ਸਮਰਥ॥ ਅਨੁਸਾਰ ਆਪਜੀ ਦੇ ਪਰਮਪਵਿੱਤ੍ਰ ਪਰਮਪੂਜਨੀਕ ਸੁੰਦਰ ਕੋਮਲ ਪਿਆਰੇ ਸੱਚੇ ਚਰਨ-ਕਮਲਾਂ 'ਤੇ ਡੰਡੇ ਵਾਂਗ ਲੰਮੇ ਪੈ ਕੇ, ਰੋਮ ੨ ਕਰਕੇ ਡੰਡਉਤ ਬੰਦਨਾ ਅਨਿਕ ਬਾਰ ਸਦਾ ੨ ਨਮਸਕਾਰ ਪ੍ਰਵਾਨ ਹੋਵੇ ਜੀ। ਹਮ ਕੀਰੇ ਕਿਰਮ.ਸਤਿਗੁਰ ਸਰਣਾਈ; ਕਰਿ ਦਇਆ ਨਾਮੁ ਪਰਗਾਸਿ॥) ਹਮ ਨਿਰਗੁਨੀਆਰ; ਨੀਚ ਅਜਾਨ॥ ਨਾਨਕ ਤੁਮਰੀ ਸਰਨਿ; ਪੁਰਖ ਭਗਵਾਨ॥

Sri Satguru Jagjit Singh Ji eLibrary NamdhariElibrary@gmail.com

ਨਿਰਗੁਣੁ ਨੀਚੁ ਅਨਾਥੁ ਮੈ; ਨਹੀ ਦੋਖ ਬੀਚਾਰੇ॥ ਨਹੀ ਦੋਖ ਬੀਚਾਰੇ, ਪੂਰਨ ਸੁਖ ਸਾਰੇ, ਪਾਵਨ ਬਿਰਦੁ ਬਖਾਨਿਆ॥) ਮੋਹਿ ਨਿਰਗੁਣੁ ਨੀਚੁ ਅਨਾਥੁ; ਪ੍ਰਭ ਅਗਮ ਅਪਾਰੀਆ ਜੀਉ॥ ਦਇਆਲ ਸਦਾ ਕ੍ਰਿਪਾਲ ਸੁਆਮੀ; ਨੀਚ ਥਾਪਣਹਾਰਿਆ॥) ਨਿਰਗੁਨੁ ਮੁਗਧੁ ਅਜਾਣੁ ਅਗਿਆਨੀ; ਕਰਮ ਧਰਮ ਨਹੀ ਜਾਣਾ॥) ਹਮ ਪਾਪੀ.ਹਮ ਪਾਪੀ; ਨਿਰਗੁਣ ਦੀਨ.ਤੁਮ੍ਹਾਰੇ ਰਾਮ॥ ਉਪ੍ਰੋਕਤ ਅਉਗੁਣਿਆਰਿਆਂ ਪਾਪਾਂ ਕਰਕੇ ਭਾਰਿਆਂ, ਅਗਨ ਸਾਗਰ ਸੰਸਾਰ'ਚ ਡੁੱਬਦਿਆਂ ਨੂੰ ਆਪਜੀ ਤਾਰ ਰਹੇ ਹੋਂਜੀ, ਅਗਨਿ ਸਾਗਰ; ਬੂਡਤ ਸੰਸਾਰਾ॥ ਨਾਨਕ.ਬਾਹ ਪਕਰਿ; ਸਤਿਗੁਰਿ ਨਿਸਤਾਰਾ॥) ਬਾਹ ਪਕੜਿ ਗੁਰਿ ਕਾਢਿਆ; ਸੋਈ ਉਤਰਿਆ ਪਾਰਿ॥) ਮੋਹ ਚੀਕੜਿ ਫਾਥੇ.ਨਿਘਰਤ ਹਮ ਜਾਤੇ; ਹਰਿ ਬਾਂਹ ਪ੍ਰਭੂ ਪਕਰਾਇ ਜੀਉ॥) ਤ੍ਰਾਹਿ ਤ੍ਰਾਹਿ.ਸਰਨਿ ਜਨ ਆਏ; ਗੁਰੁ.ਹਾਥੀ ਦੇ ਨਿਕਲਾਵੈਗੋ॥) ਹਮ ਪਾਥਰ.ਲੋਹ ਬਡ ਪਾਥਰ; ਗੁਰ ਸੰਗਤਿ ਨਾਵ.ਤਰਾਵੈਗੋ॥ ਆਪਜੀ ਨੇ ਸਰਬੱਤ ਦੇ ਭਲੇ, ਖੰਡ ਬ੍ਰਹਮੰਡ ਦੇ ਉਧਾਰ ਹਿਤ ਅਨੰਤ ਕਲਾ ਸਹਿਤ, ਪਰਮਪਵਿੱਤ੍ਰ ਪਰਮਪੂਜਨੀਕ ਸੁੰਦਰ ਸ਼ੁਭ ਸੱਚੇ ਪੂਰਨ ਪਰਉਪਕਾਰੀ ਸਤਿਗੁਰੂ ਸਾਹਿਬਜੀ ਦੇ ਸ਼ੁੱਭ ਸੱਚੇ ਦਸ ਪੂਰਨ ਗੁਰੂ ਅਵਤਾਰ ਧਾਰੇ ਹਨ।

ਆਪਜੀ ਨੇ ਪਰਮਪਵਿੱਤ੍ਰ ਪੰਜਵੇਂ ਜਾਮੇ ਅੰਦਰ, ਜੇਠ ਦੀ ਅਤੀ ਹੀ ਸਖ਼ਤ ਗਰਮੀ'ਚ, ਉੱਬਲਦੀ ਦੇਗ'ਚ ਚੌਂਕੜਾ ਲਾ ਕੇ, ਤੱਤਾ ਰੇਤਾ ਆਪਣੇ ਪਰਮਪਵਿੱਤ੍ਰ ਪਰਮਪੂਜਨੀਕ ਸ਼ੁਭ ਸੱਚੇ ਸੁੱਚੇ ਮਹਾਨ ਪਰਉਪਕਾਰੀ ਧੀਰਜਧਾਰੀ ਨਿਰੰਕਾਰੀ ਨ੍ਰਿਵਿਕਾਰੀ ਸੀਸ'ਤੇ ਪੁਆ ਕੇ, ਸੜਦੀ ਬਲਦੀ ਮੱਚਦੀ ਲੋਹ'ਤੇ ਖੜ੍ ਕੇ, ਅਕਹਿ ਤੇ ਅਸਹਿ ਕਸ਼ਟ ਸਹਾਰ ਕੇ, ਭਾਣਾ ਮੰਨਣ, ਗੁਰੂ ਹਿਤ ਕੁਰਬਾਨੀ ਕਰਨ ਦਾ ਪਰਮ ਉੱਚਾ ਸੁਚਾ ਖ਼ੂਬ ਸੱਚਾ ਸਬਕ ਸਿਖਾਅ ਕੇ, ਗੁਰੂ ਪ੍ਰੇਮਾ-ਭਗਤੀ ਸਹਿਤ ਨਿਰਗੁਨ ਸਰਗੁਨ ਦੀ ਏਕਤਾ ਬਖ਼ਸ਼ੀ ਹੈ। ਆਪਜੀ ਨੇ ਸੰਤ ਦੋਖੀ ਮਹਾਨ ਪਾਪੀ ਨੀਚ ਸੇ ਨੀਚ ਅਤਿ ਨੀਚ ਚੰਦੂ ਦੇ ਘਰੇ, ਪੰਜ ਦਿਨ ਭੁੱਖ ਉਣੀਂਦ੍ਰਾ ਤ੍ਰੇਹ ਸਹਾਰੀ, ਅੰਮ੍ਰਿਤ ਗੁਰਬਾਣੀ ਨਿਰੋਲ ਸ਼ੁੱਧ ਰੱਖਣ ਹਿਤ, ਧਰਮ ਦੇ ਪ੍ਰਕਾਸ਼, ਜ਼ੁਲਮ ਨਾਸ਼ ਲਈ, ਬੜੀ ਭਾਰੀ ਸੱਚੀ ਸੁੱਚੀ ਉੱਚੀ ਕੁਰਬਾਨੀ ਦੇ ਕੇ, ਸਦਾ ਲਈ ਪੂਰਨ ਧਰਮੀ ਸੱਚੀਆਂ ਕੁਰਬਾਨੀਆਂ ਦਾ ਪਰਮਪਵਿੱਤ੍ਰ ਸ਼ੁਭ ਸੱਚਾ ਸੁੱਚਾ ਉੱਚਾ ਪਿਆਰਾ ਧਰਮੀ ਬੀਜ ਬੀਜਿਆ ਹੈ। ਸਤਿਗੁਰ ਅਪਨੇ ਕਉ ਬਲਿ ਜਾਈ; ਜਿਨਿ ਪੈਜ ਰਖੀ ਸਾਰੈ ਸੰਸਾਰਿ॥ ਅਨੁਸਾਰ ਸੰਸਾਰ ਭਰ'ਚ ਧਰਮ ਹਿਤ ਕੁਰਬਾਨੀ ਦੀ ਲਹਿਰ ਚਲਾ ਦਿਤੀ, ਜੋ ਸਦਾ ਲਈ ਚੱਲਦੀ ਹੀ ਰਹੇਗੀ।

ਧਨੁ ਧਨੁ ਹਰਿ ਭਗਤੁ.ਸਤਿਗੁਰੂ ਹਮਾਰਾ; ਜਿਸ ਕੀ ਸੇਵਾ ਤੇ, ਹਮ ਹਰਿ ਨਾਮਿ ਲਿਵ ਲਾਈ॥ ਅਨੁਸਾਰ ਧੰਨ ਹਨ ਧੰਨ ਹਨ, ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਸੁੰਦਰ ਸੁਆਮੀ ਸ੍ਰੀ ਗੁਰੂ ਗ੍ਰੰਥ ਸਾਹਿਬਜੀ ਧੰਨ ਹਨ। ਤੁਧੁ ਜੇਵਡੁ.ਤੂ ਹੈ ਪਾਰਬ੍ਰਹਮ; ਨਾਨਕ ਸਰਣਾਈ॥ ਅਨੁਸਾਰ ਅਸੀਂ ਨੀਚ ਕੀਟ ਆਪਜੀ ਦੀ ਸਰਬ ਵਿਆਪੀ ਸੱਚੀ ਵਿਸਮਾਦ ਸਰਣ ਹਾਂਜੀ। ਹਮ ਕੀਰੇ ਕਿਰਮ. ਸਤਿਗੁਰ ਸਰਣਾਈ; ਕਰਿ ਦਇਆ ਨਾਮੁ ਪਰਗਾਸਿ॥ ਆਪਜੀ ਨੇ ਪਰਮਪਵਿੱਤ੍ਰ ਪਰਮਪੂਜਨੀਕ ਨੌਵੇਂ ਜਾਮੇਂ ਅੰਦਰ ਤਿਲਕ ਜੰਞੂ, ਗਉ ਗ਼ੀਬ ਦੀ ਰੱਖਿਆ, ਜ਼ੁਲਮ ਦੇ ਨਾਸ਼, ਧਰਮ ਦੇ ਪ੍ਰਕਾਸ਼, ਸਰਬੱਤ ਦੇ ਭਲੇ ਹਿਤ, ਦਿੱਲੀ ਜਾ ਕੇ, ਚਾਂਦਨੀ ਚੌਂਕ'ਚ, ੧੭੩੨ਬਿ: ਨੂੰ ਆਪਣੇ ਪਰਮਪਵਿੱਤ੍ਰ ਸ਼ੁਭ ਸੱਚੇ ਸੀਸ ਸਤਿਗੁਰ ਅਪੁਨੇ ਕਉ; ਕੁਰਬਾਨੀ॥ ਅਨੁਸਾਰ ਸਤਿਗੁਰਾਂ ਤੋਂ ਕੁਰਬਾਨ ਕੀਤੇ।

ਧੰਨ ਹਨ ਧੰਨ ਹਨ ਧੰਨ ਵਾਹਿਗੁਰੂ, ਸੱਚੀ ਗੁਰਤਾਗੱਦੀ ਬਿਰਾਜਮਾਨ ਸਦਾ ਸਦਾ ਮਿਹਰਵਾਨ, ਸਤਿਗੁਰੂ ਭਗਵਾਨ, ਦੀਨ ਦਇਆਲ ਵਿਆਪਕ ਵਾਹਿਗੁਰੂ ਬ੍ਰਹਮਜੀ ਦੇ ਅਨੰਤ ਕਲਾਵਾਨ ਪੂਰਨ ਗੁਰੂ

Sri Satguru Jagjit Singh Ji eLibrary NamdhariElibrary@gmail.com

ਅਵਤਾਰ ਸਦਾ ਰੰਗੀਲਾ ਲਾਲੁ ਪਿਆਰਾ; ਏਹੁ ਮਹਿੰਜਾ ਆਸਰਾ॥ ਸੱਚੇ ਸਤਿਗੁਰੂ ਗ੍ਰੰਥ ਸਾਹਿਬਜੀ ਧੰਨ ਹਨ, ਆਪਜੀ ਨੂੰ ਰੋਮ ਰੋਮ ਕਰਕੇ ਡੰਡਉਤ ਬੰਦਨਾ ਅਨਿਕ ਬਾਰ ਨਮਸਕਾਰ ਬਲਿਹਾਰ, ਆਪਜੀ ਦੇ ਪਰਮਪਵਿੱਤ੍ਰ ਸ਼ੁੱਭ ਸੱਚੇ ਮਹਾਨ ਪਰਉਪਕਾਰੀ ਸਰਬ ਵਿਆਪੀ ਚਰਨ-ਕਮਲਾਂ ਨੂੰ ਅਥਵਾ ਗੁਰ ਸਬਦ ਚਰਨ-ਕਮਲਾਂ ਨੂੰ ਵਿਚਾਰਨ ਰੂਪੀ ਧੋ ੨ ਕੇ ਪੀਣਾ ਕਰੀਏ ਤੇ ਸੁਆਸ ੨ ਜਪ ੨ ਕੇ ਜੀਵੀਏ। ਸਤਿਗੁਰ ਕੇ ਚਰਨ; ਧੋਇ ਧੋਇ ਪੀਵਾ॥ ਗੁਰ ਨਾਨਕ; ਜਪਿ ਜਪਿ ਸਦ ਜੀਵਾ॥) ਚਰਣ ਕਮਲ ਤੇਰੇ.ਧੋਇ ਧੋਇ ਪੀਵਾ; ਮੇਰੇ ਸਤਿਗੁਰ.ਦੀਨ ਦਇਆਲਾ॥

ਵਾਹਿਗੁਰੂ॥ ਭੈ ਵਿਚਿ ਸੂਰਜੁ; ਭੈ ਵਿਚਿ ਚੰਦੁ॥ ਕੋਹ ਕਰੋੜੀ ਚਲਤ; ਨ ਅੰਤੁ॥ ਅਨੁਸਾਰ ਕੋਟਾਨ ਕੋਟਿ ਸੂਰਜ ਚੰਦ੍ਰਮੇਂ ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬਜੀ ਦੇ ਨਿਰਗੁਨ ਸਰੂਪ ਦੀ ਸ਼ਕਤੀ ਨਾਲ ਕ੍ਰੋੜਾਂ ਕੋਹਾਂ, ਭੈ'ਚ ਚੱਲਦਿਆਂ, ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਦੀਆਂ ਪ੍ਰਕਰਮਾਂ ਕਰਦੇ ਹਨ। ਪਰਪਵਿੱਤ੍ਰ ਸੱਚੇ ਸਤਿਗੁਰੂ ਗ੍ਰੰਥ ਸਾਹਿਬਜੀ ਆਪਣੇ ਨਿਰਗੁਨ ਸਰੂਪ ਦੁਆਰਾ ਕੋਟਾਨ ਕੋਟਿ ਸੂਰਜਾਂ ਦੇ ਪ੍ਰਕਾਸ਼ਕ, ਆਸਰਾ ਭੀ ਹਨ। ਨਮੋ ਸੂਰਜ ਸੂਰਜੇ; ਨਮੋ ਚੰਦ੍ ਚੰਦ੍ਰੇ॥ ਆਪਜੀ ਜਦੋਂ ਚਾਹੁਣ ਇਨ੍ਹਾਂ ਕੋਟਾਨ ਕੋਟਿ ਸੂਰਜਾਂ ਨੂੰ ਆਪਣੇ ਨਿਰਗੁਨ ਸਰੂਪ'ਚ ਮਿਲਾ ਲੈਂਦੇ ਹਨ। ਜਬ ਆਕਰਖ; ਕਰਤ ਹੋ ਕਬਹੂੰ॥ ਤੁਮ ਮੈਂ ਮਿਲਤ; ਦੇਹ ਧਰ ਸਭਹੂੰ॥ ਹੇ ਪਰਮਪੂਜਨੀਕ ਸੱਚੇ ਸਤਿਗੁਰੂ ਗ੍ਰੰਥ ਸਾਹਿਬਜੀਓ! ਆਪਜੀ (ਜਬ) ਜਦੋਂ (ਕਬਹੂੰ) ਕਦੇ ਆਪਣੇ ਨਿਰਗੁਨ ਸਰੂਪਜੀ ਦੀ, ਆਪਣੀ ਆਕਰਖਣ ਸ਼ਕਤੀ ਨਾਲ (ਆ+ਕਰਖ) (ਆ) ਵਿਸ਼ੇਸ਼ ਕਰਕੇ ਸਾਰੀ ਰਚਨਾ ਨੂੰ ਆਪਣੇ'ਚ (ਕਰਖ) ਖਿੱਚਣਾ (ਕਰਤ) ਕਰਦੇ ਹੋ, ਜਿਤਨੇ ਦੇਹ (ਧਰ) ਧਰਨ ਵਾਲੇ ਭਾਵ ਜਿਤਨੇ ਅਕਾਰ ਹਨ, (ਸਭਹੂੰ) ਸਾਰੇ (ਤੁਮ) ਆਪਜੀ (ਮੈਂ) 'ਚ (ਮਿਲਤ) ਮਿਲ ਜਾਂਦੇ ਹਨ। {ਵਾਹਿਗੁਰੂਜੀ ਜਿਸ ਸ਼ਕਤੀ ਨਾਲ ਖਿੱਚ ਕੇ ਸਾਰੀ ਰਚਨਾਂ ਨੂੰ ਆਪਣੇ'ਚ ਮਿਲਾਉਂਦੇ ਹਨ, ਉਹ ਆਕਰਖਣ ਸ਼ਕਤੀ ਹੈ।}

ਕੋਟਾਨ ਕੋਟਿ ਬ੍ਰਹਮੰਡਾਂ'ਚ ਕੋਟਾਨ ਕੋਟਿ ਸੂਰਜ, ਸੱਚੇ ਸਤਿਗੁਰੂ ਪ੍ਰਭੂ ਸ੍ਰੀ ਗੁਰੂ ਗ੍ਰੰਥ ਸਾਹਿਬਜੀ ਦੇ ਪਰਮਪਵਿੱਤ੍ਰ ਸ਼ੁਭ ਸੱਚੇ ਸੁੱਚੇ ਹੁਕਮ ਨਾਲ ਚੜ੍ਹੇ ਹੋਏ ਹਨ। ਕੋਟਾਨ ਕੋਟਿ ਸੂਰਜਾਂ ਦੇ ਸੁੰਦਰ ਅਕਸ ਕੋਟਾਨ ਕੋਟਿ ਸ਼ੀਸ਼ਿਆਂ ਸਮੁੰਦ੍ਰਾਂ ਦਰਿਆਵਾਂ ਨਦੀਆਂ ਨਾਲ਼ਿਆਂ ਤ੍ਰੇਲ ਦੀਆਂ ਬੂੰਦਾ ਵਰਖਾ ਦੀਆਂ ਕਣੀਆਂ, ਸਤਰੰਗੀਆਂ ਪੀਘਾਂ, ਕੋਟਾਨ ਕੋਟਿ ਰੇਤੇ ਦੇ ਚਮਕਦੇ ਕਿਣਕਿਆਂ, ਚਮਕਦੀਆਂ ਚੀਜ਼ਾਂ'ਤੇ ਪੈ ਰਹੇ ਹਨ। ਹੀਰੇ ਜਵਾਹਰਾਤਾਂ ਲਾਲਾਂ, ਵਰਖਾ ਦੀਆਂ ਕਣੀਆਂ, ਬਰਫ਼ (ਸਨੋਂ) , ਗੜੇ ਸਤਰੰਗੀਆਂ ਪੀਘਾਂ ਆਦਿ ਅਤੇ ਇਨ੍ਹਾਂ'ਤੇ ਅਕਸ ਪਾਉਣ ਵਾਲੇ ਕੋਟਾਨ ਕੋਟਿ ਸੂਰਜਾਂ, ਉਨ੍ਹਾਂ ਦੇ ਅਕਸ ਕਿਰਨਾਂ ਧੁੱਪਾਂ ਸਹਿਤ ਕ੍ਰੋੜਾਂ ਬ੍ਰਹਮੰਡਾਂ ਦੇ ਪਸਾਰੇ ਆਪਣੇ ਸਰਗੁਨ ਸਰੂਪ ਜੀ'ਚ ਵਸ ਕੇ, ਇਸ ਨੂੰ ਆਪਣੇ ਆਸਰੇ ਟਿਕਾਅ ਕੇ, ਇਸ ਸਰਗੁਨ ਸਰੂਪ ਜੀ ਸਮੇਤ, ਜਹ ਆਪਨ ਊਚ; ਆਪਨ ਆਪਿ ਨੇਰਾ॥) ਜਬ ਨਿਰਗੁਨ ਪ੍ਰਭ; ਸਹਜ ਸੁਭਾਇ॥ ਪਰਮਪੂਜਨੀਕ ਵਾਹਿਗੁਰੂ ਹਰ ਪ੍ਰਾਣੀ ਦੇ ਅੰਦਰ ਬਾਹਰ ਹਰ ਸਮੇਂ ਭਰਪੂਰ ਪ੍ਰਕਾਸ਼ਕ ਨਿਰਗੁਨ ਬ੍ਰਹਮਜੀ, ਤਿਸੁ ਗੁਰ ਕਉ; ਸਦ ਕਰੀ ਨਮਸਕਾਰ॥ ਤਿਸੁ ਗੁਰ ਕਉ; ਸਦ ਜਾਉ ਬਲਿਹਾਰ॥ ਅਨੁਸਾਰ ਹਰ ਸਮੇਂ ਨਮਸਕਾਰਦਿਆਂ ਪੂਰਨ ਪ੍ਰੇਮ ਸਹਿਤ ਜਪਦੇ ਹਨ, ਧੰਨ ਹਨ ਧੰਨ ਹਨ ਧੰਨ ਹਨ ਸੁੰਦਰ ਸੁਆਮੀ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਗ੍ਰੰਥ ਸਾਹਿਬਜੀ ਧੰਨ ਹਨ। ਇਸ ਲਈ ਜਪ ਰਹੇ ਹਨ, ਕਿ ਸਤਿਗੁਰੂ ਸਾਹਿਬਜੀ ਕਲਜੁੱਗੀ ਜੀਆਂ ਨੂੰ, ਧਨੁ ਧਨੁ ਹਰਿ ਗਿਆਨੀ ਸਤਿਗੁਰੂ ਹਮਾਰਾ; ਜਿਨਿ ਵੈਰੀ ਮਿਤ੍ਰ, ਹਮ ਕਉ ਸਭ ਸਮ ਦ੍ਰਿਸਟਿ ਦਿਖਾਈ॥ ਅਨੁਸਾਰ ਵੈਰੀ ਮਿੱਤ੍ਰ'ਚ ਸਮਦ੍ਰਿਸਟੀ ਦਿਖਾ ਕੇ, ਤਾਰਨ ਵਾਲੇ ਜਹਾਜ਼ ਹਨ। ਸਤਿਗੁਰੂ ਹੈ ਬੋਹਿਥਾ; ਵਿਰਲੈ ਕਿਨੈ ਵੀਚਾਰਿਆ॥ ਐਸੇ ਦਾਤੇ ਸਤਿਗੁਰਾਂ ਨੂੰ ਦਾਸਨ ਦਾਸਾਂ ਦੀ ਸਦ ਸਦਾ ਰੋਮ ਰੋਮ ਕਰਕੇ, ਡੰਡਉਤ ਬੰਦਨਾ ਅਨਿਕਬਾਰ ਨਮਸਕਾਰ ਪ੍ਰਵਾਨ ਹੋਵੇਜੀ।

Sri Satguru Jagjit Singh Ji eLibrary NamdhariElibrary@gmail.com

ਪਰਮਪੂਜਨੀਕ ਵਾਹਿਗੁਰੂ ਸੱਚੇ ਸਤਿਗੁਰੂ ਗ੍ਰੰਥ ਸਾਹਿਬਜੀ ਨੇ, ਅਸੰਖ ਅੰਬਰ ਅਸੰਖ ਧਰਤੀਆਂ ਬਿਨਾਂ ਥੰਮ੍ਹਾਂ ਤੋਂ, ਆਪਣੇ ਅਨਤ ਕਲਾਵਾਨ ਨਿਰਗੁਨ ਸਰੂਪ'ਚ ਟਿਕਾਏ ਹੋਏ ਹਨ। ਸਿੰਧ ਪਰਬਤ ਮੇਦਨੀ; ਬਿਨੁ ਥੰਮ੍ਹਾ ਗਗਨਿ ਰਹਾਇਆ॥ ਇਨ੍ਹਾਂ ਅੰਬਰਾਂ, ਧਰਤੀਆਂ ਦੇ ਕਿਨਕੇ ੨ ਸਮੇਤ ਕ੍ਰੋੜਾਂ ਬ੍ਰਹਮੰਡਾਂ ਦੇ ਪਸਾਰੇ ਆਪਣੇ ਸਰਗੁਨ ਸਰੂਪ'ਚ ਵਸ ਕੇ, ਇਸ ਨੂੰ ਆਪਣੇ ਆਸਰੇ ਟਿਕਾਅ ਕੇ, ਇਸ ਸਰਗੁਨ ਸਰੂਪ ਜੀ ਸਮੇਤ, ਅੰਤਰਜਾਮੀ ਸੋ ਪ੍ਰਭੁ ਪੂਰਾ॥) ਤੁਮ ਪੂਰਨ.ਪੂਰਿ ਰਹੇ ਸੰਪੂਰਨ; ਵਾਹਿਗੁਰੂ ਵਿਸਮਾਦ ਨਿਰਗੁਨ ਬ੍ਰਹਮਜੀ, ਨਖਿਅਤ੍ਰ ਸਸੀਅਰ ਸੂਰ ਧਿਆਵਹਿ; ਬਸੁਧ ਗਗਨਾ ਗਾਵਏ॥) ਸਿਮਰੈ; ਧਰਤੀ ਅਰੁ ਆਕਾਸਾ॥ ਸਿਮਰਹਿ; ਚੰਦ ਸੂਰਜ ਗੁਣਤਾਸਾ॥ ਅਨੁਸਾਰ ਹਰ ਸਮੇਂ ਭਾਵ ਹੁਣ, ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਗ੍ਰੰਥ ਸਾਹਿਬਜੀ ਧੰਨ ਹਨ, ਆਪਜੀ ਨੂੰ ਰੋਮ ਰੋਮ ਕਰਕੇ ਡੰਡਉਤ ਬੰਦਨਾ ਅਨਿਕਬਾਰ ਨਮਸਕਾਰ ਬਲਿਹਾਰ। ਨਾਰਾਇਨ ਨਰਪਤਿ; ਨਮਸਕਾਰੈ॥ ਐਸੇ ਗੁਰ ਕਉ.ਬਲਿ ਬਲਿ ਜਾਈਐ; ਆਪਿ ਮੁਕਤੁ.ਮੋਹਿ ਤਾਰੈ॥

ਵਾਹਿਗੁਰੂ ਗੁਰੂ ਗ੍ਰੰਥ ਸਾਹਿਬਜੀ ਨੇ ਆਪਣੇ ਨਿਰਗੁਨ ਸਰੂਪ'ਚ, ਕੋਟਾਨ ਕੋਟਿ ਸੂਰਜ ਤਾਰੇ ਮੰਡਲ ਬਿਜਲੀਆਂ ਅਗਨੀਆਂ ਹਵਾਵਾਂ ਬ੍ਰਹਮਪੁਰੀਆਂ ਸ਼ਿਵਪੁਰੀਆਂ ਵਿਸ਼ਨ ਪੁਰੀਆਂ ਬੈਕੁੰਠ ਪੁਰੀਆਂ, ਸਮੁੰਦ੍ਰ ਧਰਤੀਆਂ ਪਹਾੜ ਜੰਗਲ ਬਿਨਾ ਥੰਮ੍ਹਾਂ ਦੇ ਆਪਣੀ ਵਿਆਪਕ ਸੱਤਾ ਨਾਲ ਥੰਮ੍ਹ ਕੇ ਰੱਖੇ ਹੋਏ ਹਨ। ਆਪੇ ਜਲੁ.ਆਪੇ ਥਲੁ ਥੰਮ੍ਹਨੁ; ਆਪੇ ਕੀਆ ਘਟਿ ਘਟਿ ਬਾਸਾ॥ ਉਪ੍ਰੋਕਤ ਸਾਰਿਆਂ ਗੁਪਤ ਪ੍ਰਗਟ ਅਕਾਰਾਂ ਸਮੇਤ, ਕ੍ਰੋੜਾਂ ਬ੍ਰਹਮੰਡਾਂ ਦੇ ਪਸਾਰੇ ਆਪਣੇ ਸਰਗੁਨ ਸਰੂਪਜੀ'ਚ ਵਸ ਕੇ, ਇਸ ਨੂੰ ਆਪਣੇ ਆਸਰੇ ਟਿਕਾਅ ਕੇ, ਇਸ ਸਰਗੁਨ ਸਰੂਪ ਜੀ ਸਮੇਤ, ਅਬਿਨਾਸੀ; ਨਾਹੀ ਕਿਛੁ ਖੰਡ॥ ਵਾਹਿਗੁਰੂ ਹਰ ਪ੍ਰਾਣੀ ਦੇ ਅੰਦਰ ਬਾਹਰ ਹਰ ਸਮੇਂ ਭਰਪੂਰ ਪ੍ਰਕਾਸ਼ਕ ਨਿਰਗੁਨ ਬ੍ਰਹਮਜੀ ਹਰ ਸਮੇਂ ਜਪ ਰਹੇ ਹਨ। ਆਦਿ ਅੰਤਿ; ਏਕੈ ਅਵਤਾਰਾ॥ ਸੋਈ ਗੁਰੂ; ਸਮਝਿਯਹੁ ਹਮਾਰਾ॥ ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਸਤਿਗੁਰੂ ਗ੍ਰੰਥ ਸਾਹਿਬਜੀ ਧੰਨ ਹਨ, ਰੋਮ ੨ ਕਰਕੇ ਡੰਡਉਤ ਬੰਦਨਾ ਅਨਿਕਬਾਰ ਨਮਸਕਾਰ ਬਲਿਹਾਰ। ਬੰਦਨਾ ਹਰਿ ਬੰਦਨਾ; ਗੁਣ ਗਾਵਹੁ ਗੋਪਾਲ ਰਾਇ॥

ਪਰਮਪੂਜਨੀਕ ਸੱਚੇ ਸਤਿਗੁਰੂ ਪ੍ਰਭੂ ਗ੍ਰੰਥ ਸਾਹਿਬਜੀ ਦੇ ਹੁਕਮ ਨਾਲ ਕੋਟਾਨ ਕੋਟਿ ਬ੍ਰਹਮੰਡਾਂ'ਚ, ਕੋਟਾਨ ਕੋਟਿ ਤਾਰੇ ਮੰਡਲ ਚਮਕ ਰਹੇ ਹਨ। ਇਨ੍ਹਾਂ ਸਾਰਿਆਂ ਨੂੰ ਆਪਜੀ ਨੇ ਆਪਣੇ ਨਿਰਗੁਨ ਸਰੂਪ'ਚੋਂ ਸਾਜਿਆ ਹੈ, ਇਨ੍ਹਾਂ'ਚ ਆਪਜੀ ਦੀ ਪਰਮ ਪਵਿੱਤ੍ਰ ਵਿਆਪਕ ਜੋਤਿ, ਇਨ੍ਹਾਂ ਨੂੰ ਸੁੰਦਰ ਪ੍ਰਕਾਸ਼ ਦੇ ਰਹੀ ਹੈ। ਅਸੰਖ ਅਰਬ ਖ਼ਰਬ ਅੰਬਰਾਂ'ਚ ਤਾਰੇ ਮੰਡਲ, ਇਨ੍ਹਾਂ ਦੀਆਂ ਸੋਹਣੀਆਂ ਕਿਰਨਾਂ, ਇਨ੍ਹਾਂ ਦੀ ਸੁੰਦਰਤਾਈ ਸਮੇਤ, ਕ੍ਰੋੜਾਂ ਬ੍ਰਹਮੰਡਾਂ ਦੇ ਪਸਾਰੇ ਆਪਣੇ ਸਰਗੁਨ ਸਰੂਪ ਜੀ'ਚ ਵਸ ਕੇ, ਇਸ ਨੂੰ ਆਪਣੇ ਆਸਰੇ ਟਿਕਾਅ ਕੇ, ਇਸ ਸਰਗੁਨ ਸਰੂਪ ਜੀ ਸਮੇਤ ਜੁਗੁ ਜੁਗੁ ਸਾਚਾ; ਹੈ ਭੀ ਹੋਸੀ॥ ਵਾਹਿਗੁਰੂ ਹਰ ਪ੍ਰਾਣੀ ਦੇ ਅੰਦਰ ਬਾਹਰ ਹਰ ਸਮੇਂ ਭਰਪੂਰ ਪ੍ਰਕਾਸ਼ਕ ਨਿਰਗੁਨ ਬ੍ਰਹਮਜੀ, ਹਰ ਸਮੇਂ ਜਪ ਰਹੇ ਹਨ। ਧੰਨ ਹਨ ਧੰਨ ਹਨ ਵਾਹਿਗੁਰੂ ਸਤਿਗੁਰੂ ਗ੍ਰੰਥ ਸਾਹਿਬਜੀ ਧੰਨ ਹਨ। ਆਪਜੀ ਆਪਣੇ ਪਰਮਪਵਿੱਤ੍ਰ ਪੰਜਵੇਂ ਜਾਮੇਂ ਅੰਦਰ ਉੱਬਲਦੀ ਦੇਗ਼'ਚ ਹੁਣ ਚੌਂਕੜਾ ਲਾ ਰਹੇ ਹਨ। ਰੋਮ ੨ ਕਰਕੇ ਡੰਡਉਤ ਬੰਦਨਾ ਅਨਿਕਬਾਰ ਨਮਸਕਾਰ ਬਲਿਹਾਰ। ਨਮਸਕਾਰ; ਤਾ ਕਉ ਲਖ ਬਾਰ॥ ਇਹੁ ਮਨੁ ਦੀਜੈ; ਤਾ ਕਉ ਵਾਰਿ॥

ਵਾਹਿਗੁਰੂ॥ ਅਸੰਖ ਚਿੜੀਆਂ ਘੁੱਗੀਆਂ ਕੋਇਲਾਂ ਮੋਰਾਂ ਤੋਤਿਆਂ ਸਮੂਹ ਪੰਛੀਆਂ ਸਮੇਤ, ਕ੍ਰੋੜਾਂ ਬ੍ਰਹਮੰਡਾਂ ਦੇ ਪਸਾਰੇ ਆਪਣੇ ਸਰਗੁਨ ਸਰੂਪ ਜੀ'ਚ ਵਸ ਕੇ, ਇਸ ਨੂੰ ਆਪਣੇ ਆਸਰੇ ਟਿਕਾਅ ਕੇ,

Sri Satguru Jagjit Singh Ji eLibrary NamdhariElibrary@gmail.com

ਇਸ ਸਰਗੁਨ ਸਰੂਪ ਜੀ ਸਮੇਤ, ਅਬਿਨਾਸੀ ਸੁਖ ਆਪਨ ਆਸਨ॥ ਨਿਰਗੁਨ ਬ੍ਰਹਮਜੀ, ਜੋ ਬੋਲਤ ਹੈ.ਮ੍ਰਿਗ ਮੀਨ ਪੰਖੇਰੂ; ਸੁ ਬਿਨੁ ਹਰਿ.ਜਾਪਤ ਹੈ ਨਹੀ ਹੋਰ॥ ਅਨੁਸਾਰ ਹਰ ਸਮੇਂ ਜਪਦੇ ਹਨ। ਮੇਰਾ ਸੁੰਦਰੁ ਸੁਆਮੀ ਜੀ; ਹਉ ਚਰਨ ਕਮਲ ਪਗ ਛਾਰਾ॥ ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਧੰਨ ਵਾਹਿਗੁਰੂ ਸੱਚੇ ਸਤਿਗੁਰੂ ਗ੍ਰੰਥ ਸਾਹਿਬਜੀ ਧੰਨ ਹਨ, ਆਪਜੀ ਨੇ ਪਰਮਪਵਿੱਤ੍ਰ ਪਰਮਪੂਜਨੀਕ ਨੌਵੇਂ ਜਾਮੇਂ'ਚ ਆਪਣਾ ਧਰਮ ਹਿਤ ਸੀਸ ਕੁਰਬਾਨ ਕੀਤਾ, ਰੋਮ ਰੋਮ ਕਰਕੇ ਡੰਡਉਤ ਬੰਦਨਾ ਅਨਿਕਬਾਰ ਨਮਸਕਾਰ ਬਲਿਹਾਰ। ਹਉ ਵਾਰੀ ਜੀਉ ਵਾਰੀ; ਸਤਿਗੁਰ ਕੈ ਬਲਿਹਾਰਣਿਆ॥ ਮਿੱਠ ਬੋਲੜੇ ਜਾਣ ਕੇ ਜਪਦੇ ਨਮਸਕਾਰਦੇ ਬਲਿਹਾਰ ਜਾਂਦੇ ਹਨ। ਮਿਠ ਬੋਲੜਾ ਜੀ; ਹਰਿ ਸਜਣੁ ਸੁਆਮੀ ਮੋਰਾ॥ ਹਉ ਸੰਮਲਿ ਥਕੀ ਜੀ; ਓਹੁ.ਕਦੇ ਨ ਬੋਲੈ ਕਉਰਾ॥ ਕਉੜਾ.ਬੋਲਿ ਨ ਜਾਨੈ, ਪੂਰਨ ਭਗਵਾਨੈ; ਅਉਗਣੁ.ਕੋ ਨ ਚਿਤਾਰੇ॥ ਪਤਿਤ ਪਾਵਨੁ ਹਰਿ ਬਿਰਦੁ ਸਦਾਏ; ਇਕੁ ਤਿਲੁ.ਨਹੀ ਭੰਨੈ ਘਾਲੇ॥ ਘਟ ਘਟ ਵਾਸੀ, ਸਰਬ ਨਿਵਾਸੀ; ਨੇਰੈ ਹੀ ਤੇ ਨੇਰਾ॥ ਨਾਨਕ ਦਾਸੁ.ਸਦਾ ਸਰਣਾਗਤਿ; ਹਰਿ ਅੰਮ੍ਰਿਤ ਸਜਣੁ ਮੇਰਾ॥

ਸਾਹਿਬੁ ਮੇਰਾ ਨੀਤ ਨਵਾ; ਸਦਾ ਸਦਾ ਦਾਤਾਰੁ॥ ਪਰਮਪੂਜਨੀਕ ਧੰਨ ਵਾਹਿਗੁਰੂ ਸਤਿਗੁਰੂ ਗ੍ਰੰਥ ਸਾਹਿਬਜੀ ਦੇ ਇਲਾਹੀ ਸੱਚੇ ਹੁਕਮ ਨਾਲ, ਕਈ ਕੋਟਿ; ਸਸੀਅਰ ਸੂਰ ਨਖ੍ਯਤ੍ਰ॥ ਅਨੁਸਾਰ ਅਸੰਖ ਸੁੰਦਰ ਅੰਬਰਾਂ'ਚ ਅਸੰਖ ਹੀ ਸੁੰਦਰ ਸੋਹਣੇ ਚੰਦ੍ਰਮੇਂ ਚੜ੍ਹੇ ਹੋਏ ਹਨ। ਜੋ ਆਪਜੀ ਦੇ ਨਿਰਗੁਨ ਪ੍ਰਕਾਸ਼ ਦੁਆਰਾ ਪ੍ਰਕਾਸ਼ ਕਰ ਰਹੇ ਹਨ। ਕੋਟਿ ਚੰਦ੍ਰਮੇ; ਕਰਹਿ ਚਰਾਕ॥ ਉਨ੍ਹਾਂ ਦਾ ਅਕਸ ਹੀਰੇ ਜਵਾਹਰਾਤਾਂ, ਲਾਲਾਂ'ਤੇ ਪੈ ਰਿਹਾ ਹੈ। ਉਨ੍ਹਾਂ ਸੁੰਦਰ ਅੰਬਰਾਂ ਚੰਦ੍ਰਮਿਆਂ ਚਾਨਣੀਆਂ, ਚੰਦ੍ਰਮਿਆਂ ਦੇ ਪੈ ਰਹੇ ਹੀਰੇ ਜਵਾਹਰਾਤਾਂ'ਤੇ ਅਕਸ ਅਤੇ ਉਨ੍ਹਾਂ ਜਵਾਹਰਾਤਾਂ ਸਮੇਤ ਕ੍ਰੋੜਾਂ ਬ੍ਰਹਮੰਡਾਂ ਦੇ ਪਸਾਰੇ ਆਪਣੇ ਸਰਗੁਨ ਸਰੂਪ ਜੀ'ਚ ਵਸ ਕੇ, ਇਸ ਨੂੰ ਆਪਣੇ ਆਸਰੇ ਟਿਕਾਅ ਕੇ, ਇਸ ਸਰਗੁਨ ਸਰੂਪ ਜੀ ਸਮੇਤ, ਝਿਲਮਿਲਿ ਝਿਲਕੈ; ਚੰਦੁ ਨ ਤਾਰਾ॥ ਸੂਰਜ ਕਿਰਣਿ; ਨ ਬਿਜੁਲਿ ਗੈਣਾਰਾ॥ ਅਕਥੀ ਕਥਉ.ਚਿਹਨੁ ਨਹੀ ਕੋਈ; ਪੂਰਿ ਰਹਿਆ ਮਨਿ ਭਾਇਦਾ॥ ਵਾਹਿਗੁਰੂ ਵਿਸਮਾਦ ਨਿਰਗੁਨ ਬ੍ਰਹਮਜੀ, ਸਤਿਗੁਰੁ ਦਾਤਾ ਰਾਮ ਨਾਮ ਕਾ; ਹੋਰੁ ਦਾਤਾ ਕੋਈ ਨਾਹੀ॥ ਅਨੁਸਾਰ ਸਤਿਗੁਰੂ ਗ੍ਰੰਥ ਸਾਹਿਬਜੀ ਨੂੰ ਵਾਹਿਗੁਰੂ ਨਾਮੁ ਦੇ ਦਾਤੇ ਜਾਣ ਕੇ, ਹਰ ਸਮੇਂ ਜਪਦੇ ਹਨ, ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਧੰਨ ਵਾਹਿਗੁਰੂ ਸੱਚੇ ਸਤਿਗੁਰੂ ਗ੍ਰੰਥ ਸਾਹਿਬਜੀ ਧੰਨ ਹਨ, ਆਪਜੀ ਨੇ ਪਰਮਪਵਿੱਤ੍ਰ ਦਸਵੇਂ ਜਾਮੇਂ ਅੰਦਰ ਸਰਬੰਸ ਕੁਰਬਾਨ ਕੀਤਾ, ਰੋਮ ੨ ਕਰਕੇ ਡੰਡਉਤ ਬੰਦਨਾ ਅਨਿਕਬਾਰ ਨਮਸਕਾਰ ਬਲਿਹਾਰ। ਬਾਰਨੈ ਬਲਿਹਾਰਨੈ; ਲਖ ਬਰੀਆ॥ ਨਾਮੋ ਹੋ.ਨਾਮੁ ਸਾਹਿਬ ਕੋ; ਪ੍ਰਾਨ ਅਧਰੀਆ॥

ਵਾਹਿਗੁਰੂ॥ ਕੋਟਾਨ ਕੋਟਿ ਬ੍ਰਹਮੰਡਾਂ ਦੇ ਅੰਦਰ ਕੋਟਾਨ ਕੋਟਿ ਤਰ੍ਹਾਂ ਦੀ ਅਗਨੀ ਹੈ। ਕਈ ਕੋਟਿ; ਪਵਣ ਪਾਣੀ ਬੈਸੰਤਰ॥ ਇਹ ਅਗਨੀ ਗੁਰੁ ਪਾਰਬ੍ਰਹਮੁ; ਪਰਮੇਸਰੁ ਆਪਿ॥ ਪਰਮਪੂਜਨੀਕ ਸੱਚੇ ਸਤਿਗੁਰੂ ਗ੍ਰੰਥ ਸਾਹਿਬਜੀ ਦੇ ਭੈ'ਚ ਅਨੇਕ ਪ੍ਰਕਾਰ ਦੇ ਕਾਰਜ ਸਵਾਰਦੀ ਹੈ। ਭੈ ਵਿਚਿ; ਅਗਨਿ ਕਢੈ ਵੇਗਾਰਿ॥ ਵਾਹਿਗੁਰੂ ਸੱਚੇ ਸਤਿਗੁਰੂ ਪ੍ਰਭੂ, ਗੁਰੁ ਨਾਰਾਇਣੁ ਦਯੁ ਗੁਰੁ; ਗੁਰੁ ਸਚਾ ਸਿਰਜਣਹਾਰੁ॥ ਪਰਮਪੂਜਨੀਕ ਸੱਚੇ ਸਤਿਗੁਰੂ ਗ੍ਰੰਥ ਸਾਹਿਬਜੀ ਦੇ ਭੈ'ਚ, ਅਗਨੀ ਸਭ ਦੇ ਪੇਟਾਂ'ਚ ਖਾਣਾ ਹਜ਼ਮ ਕਰ ਰਹੀ ਹੈ। ਬਨਾਸਪਤੀ ਇਸ ਦੇ ਆਸਰੇ ਵਧ ਫੁੱਲ ਰਹੀ ਹੈ। ਛੱਤੀਹ ਪ੍ਰਕਾਰ ਦੇ ਭੋਜਨ ਨੂੰ ਪਕਾ ਰਹੀ ਹੈ, ਕਾਰਖਾਨਿਆਂ ਨੂੰ ਚਲਾਉਂਦੀ ਹੈ। ਜਠਰਾਗਨ ਨਾਲ ਮਾਤਾਜੀ ਦੇ ਉਦਰ'ਚ ਬੱਚੇ ਦੀ ਤੁਚਾ, ਹੱਡੀਆਂ ਪੱਕਦੀਆਂ ਹਨ। ਆਪਜੀ ਆਪਣੇ ਨਿਰਗੁਨ ਸਰੂਪ ਦੁਆਰਾ, ਇਨ੍ਹਾਂ ਦੇ ਆਸਰਾ ਪ੍ਰਕਾਸ਼ਕ ਹਨ। ਆਪਜੀ ਜਦੋਂ ਚਾਹੁਣ ਇਨ੍ਹਾਂ ਨੂੰ ਆਪਣੇ'ਚ ਲੀਣ ਕਰ ਲੈਂਦੇ ਹਨ। ਉਪ੍ਰੋਕਤ ਅਗਨੀਆਂ

Sri Satguru Jagjit Singh Ji eLibrary NamdhariElibrary@gmail.com

ਦਰਿਆਵਾਂ ਸਮੁੰਦ੍ਰਾਂ ਸ਼ੀਸ਼ਿਆਂ ਆਦਿ ਚਮਕਦੀਆਂ ਚੀਜਾਂ, ਵਰਖਾ ਤ੍ਰੇਲ ਦੀਆਂ ਬੂੰਦਾਂ'ਤੇ ਪੈ ਰਹੇ ਅਗਨੀਆਂ ਦੇ ਪ੍ਰਕਾਸ਼ ਸਮੇਤ, ਕ੍ਰੋੜਾਂ ਬ੍ਰਹਮੰਡਾਂ ਦੇ ਪਸਾਰੇ ਆਪਣੇ ਸਰਗੁਨ ਸਰੂਪ'ਚ ਵਸ ਕੇ, ਇਸ ਨੂੰ ਆਪਣੇ ਆਸਰੇ ਟਿਕਾਅ ਕੇ, ਇਹ ਸਰਗੁਨ ਸਰੂਪ ਜੀ, ਇਸ ਪਸਾਰੇ ਸਮੇਤ, ਅਬਿਨਾਸੀ ਸੁਖ; ਆਪਨ ਆਸਨ॥) ਜਹ ਜੋਤਿ ਸਰੂਪੀ; ਜੋਤਿ ਸੰਗਿ ਸਮਾਵੈ॥) ਓਪਤਿ ਪਰਲਉ.ਖਿਨ ਮਹਿ ਕਰਤਾ॥ ਆਪਿ ਅਲੇਪਾ.ਨਿਰਗੁਨੁ ਰਹਤਾ॥ ਵਾਹਿਗੁਰੂ ਹਰ ਪ੍ਰਾਣੀ ਦੇ ਅੰਦਰ ਬਾਹਰ ਹਰ ਸਮੇਂ ਭਰਪੂਰ ਪ੍ਰਕਾਸ਼ਕ ਨਿਰਗੁਨ ਬ੍ਰਹਮਜੀ, ਆਠ ਪਹਰ; ਨਾਨਕ ਗੁਰ ਜਾਪਿ॥ ਅਨੁਸਾਰ ਹਰ ਸਮੇਂ ਜਪ ਰਹੇ ਹਨ। ਧੰਨ ਹਨ ਧੰਨ ਹਨ ਧੰਨ ਹਨ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬਜੀ ਧੰਨ ਹਨ, ਕਿਉਂ ਜੋ ਆਪਜੀ ਸਾਰੀਆਂ ਵਸਤੂਆਂ ਦੇ ਦਾਤੇ ਹਨ। ਸਤਿਗੁਰੁ ਦਾਤਾ.ਸਭਨਾ ਵਥੂ ਕਾ; ਪੂਰੈ ਭਾਗਿ ਮਿਲਾਵਣਿਆ॥

ਵਾਹਿਗੁਰੂ॥ ਅਨੰਤ ਬ੍ਰਹਮੰਡਾਂ ਅਨੰਤ ਧਰਤੀਆਂ ਅਨੰਤ ਜਵਾਲਾ ਮੁਖੀ ਪਹਾੜਾਂ ਦੀ ਪੂਰਨ ਤੇਜ਼ ਸਹਿਤ ਅਗਨੀ ਸਮੇਤ ਕ੍ਰੋੜਾਂ ਬ੍ਰਹਮੰਡਾਂ ਦੇ ਪਸਾਰੇ ਆਪਣੇ ਸਰਗੁਨ ਸਰੂਪ'ਚ ਵਸ ਕੇ, ਇਸ ਨੂੰ ਆਪਣੇ ਆਸਰੇ ਟਿਕਾਅ ਕੇ, ਇਸ ਸਰਗੁਨ ਸਰੂਪ ਜੀ ਸਮੇਤ, ਆਪਨ ਆਪ; ਆਪ ਹੀ ਅਚਰਜਾ॥ ਨਿਰਗੁਨ ਬ੍ਰਹਮਜੀ, ਜਪਿ ਜਪਿ ਜੀਵਾ; ਸਤਿਗੁਰ ਨਾਉ॥ ਅਨੁਸਾਰ ਹਰ ਸਮੇਂ ਜਪਦੇ ਹਨ, ਮਿਠ ਬੋਲੜਾ ਜੀ; ਹਰਿ ਸਜਣੁ ਸੁਆਮੀ ਮੋਰਾ॥ ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬਜੀ ਧੰਨ ਹਨ, ਰੋਮ ੨ ਕਰਕੇ ਡੰਡਉਤ ਬੰਦਨਾ ਅਨਿਕ ਬਾਰ ਨਮਸਕਾਰ ਬਲਿਹਾਰ। ਵਾਰਿ ਵਾਰਿ ਜਾਈ ਲਖ ਵਰੀਆ; ਦੇਹੁ ਸੰਤਨ ਕੀ ਧੂਰਾ ਜੀਉ॥

ਵਾਹਿਗੁਰੂ॥ ਕੋਟਾਨ ਕੋਟਿ ਬ੍ਰਹਮੰਡਾਂ'ਚ, ਕੋਟਾਨ ਕੋਟਿ ਚੰਦਨ ਦੇ ਪਹਾੜਾਂ ਨੂੰ, ਜਦੋਂ ਅੱਗ ਲੱਗਦੀ ਹੈ ਤਾਂ ਸੁਗੰਧੀ ਦੀਆਂ ਲਪਟਾਂ ਆਉਂਦੀਆਂ ਹਨ। ਕੋਟਾਨ ਕੋਟਿ ਬ੍ਰਹਮੰਡਾਂ, ਚੰਦਨ ਦੇ ਪਹਾੜਾਂ, ਉਨ੍ਹਾਂ ਨੂੰ ਲੱਗੀਆਂ ਅਗਨੀਆਂ, ਸੁਗੰਧੀਆਂ ਵਾਲੀਆਂ ਹਵਾਵਾਂ ਤੇ ਹਵਾਵਾਂ ਵਾਲੇ ਅਸੰਖ ਅਕਾਸ਼, ਅਕਾਸ਼ਾਂ'ਚ ਉੱਡਣ ਵਾਲੇ ਜੀਵਾਂ ਅਕਾਰਾਂ ਸਮੇਤ, ਕ੍ਰੋੜਾਂ ਬ੍ਰਹਮੰਡਾਂ ਦੇ ਪਸਾਰੇ ਆਪਣੇ ਸਰਗੁਨ ਸਰੂਪ 'ਚ ਵਸ ਕੇ, ਇਸ ਨੂੰ ਆਪਣੇ ਆਸਰੇ ਟਿਕਾਅ ਕੇ, ਇਸ ਸਰਗੁਨ ਸਰੂਪ ਜੀ ਸਮੇਤ, ਜਲਿ ਥਲਿ ਪੇਖਿ ਪੇਖਿ.ਮਨੁ ਬਿਗਸਿਓ; ਪੂਰਿ ਰਹਿਓ ਸਰਬ ਮਹੀ॥ ਨਿਰਗੁਨ ਬ੍ਰਹਮਜੀ, ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ॥ ਜਾਣ ਕੇ, ਹਰ ਸਮੇਂ ਜਪਦੇ ਹਨ। ਧੰਨ ਹਨ ਧੰਨ ਹਨ ਧੰਨ ਹਨ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬਜੀ ਧੰਨ ਹਨ, ਬਲਿ ਬਲਿ ਜਾਉ ਸਿਆਮ ਸੁੰਦਰ ਕਉ; ਅਕਥ ਕਥਾ ਜਾ ਕੀ ਬਾਤ ਸੁਨੀ॥ ਰੋਮ ੨ ਕਰਕੇ ਡੰਡਉਤ ਬੰਦਨਾ ਅਨਿਕਬਾਰ ਨਮਸਕਾਰ ਬਲਿਹਾਰ। ਆਪਜੀ ਨੇ ਦੂਜੇ ਜਾਮੇ ਅੰਦਰ, ਮੁਰਦਾ ਖਾਣ ਤੱਕ ਹੁਕਮ ਮੰਨ ਕੇ, ਆਪਣੇ ਸਿਰ ਤੇ ਜਾਨ ਨਾਲੋਂ ਪਿਆਰੀ ਸਿੱਖੀ ਦਾ ਅਮਰ ਅੰਮ੍ਰਿਤ ਬੀਜ ਜੱਗ'ਤੇ ਰੱਖ ਲਿਆ, ਭਾਣਾ ਜੀ ਭਲਾ ਜੀ ਭੁੱਲ ਗਏ ਜੀ ਸ਼ੁਭ ਅਮੋਲਕ ਪਰਮਪਵਿੱਤ੍ਰ ਅੰਮ੍ਰਿਤ ਬਚਨ ਕਮਾਏ, ਆਪਜੀ ਨੂੰ ਕੋਟਿ ਨਮਸਕਾਰ।

ਵਾਹਿਗੁਰੂ॥ ਕੋਟਾਨ ਕੋਟਿ ਬ੍ਰਹਮੰਡਾਂ'ਚ ਕੋਟਾਨ ਕੋਟਿ ਧਰਤੀਆਂ'ਤੇ ਬਸੰਤ ਰੁੱਤ ਦੇ ਫੁੱਲ, ਫੁੱਲਾਂ ਦੇ ਚਮਕਦੇ ਸੁਹੱਪਣ ਅਤੇ ਉਨ੍ਹਾਂ ਦੀਆਂ ਸੁਗੰਧੀਆਂ, ਸੁਗੰਧੀਆਂ ਵਾਲੀਆਂ ਪੌਣਾਂ ਸਮੇਤ, ਕ੍ਰੋੜਾਂ ਬ੍ਰਹਮੰਡਾਂ ਦੇ ਪਸਾਰੇ ਆਪਣੇ ਸਰਗੁਨ ਸਰੂਪ'ਚ ਵਸ ਕੇ, ਇਸ ਨੂੰ ਆਪਣੇ ਆਸਰੇ ਟਿਕਾਅ ਕੇ, ਇਸ ਸਰਗੁਨ ਸਰੂਪ ਜੀ ਸਮੇਤ, ਨਾਨਕ ਆਪਨ ਰੂਪ; ਆਪ ਹੀ ਉਪਰਜਾ॥ ਹਰ ਪ੍ਰਾਣੀ ਦੇ ਅੰਦਰ ਬਾਹਰ ਭਰਪੂਰ ਹਰ ਸਮੇਂ ਪ੍ਰਕਾਸ਼ਕ ਨਿਰਗੁਨ ਬ੍ਰਹਮਜੀ, ਹਰ ਸਮੇਂ ਜਪਦੇ ਹਨ। ਵਾਹੁ ਵਾਹੁ ਸਚੇ ਪਾਤਿਸਾਹ; ਤੂ ਸਚੀ

Sri Satguru Jagjit Singh Ji eLibrary NamdhariElibrary@gmail.com

ਨਾਈ॥ ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਸੱਚੇ ਸਤਿਗੁਰੂ ਗ੍ਰੰਥ ਸਾਹਿਬਜੀ ਧੰਨ ਹਨ, ਰੋਮ ੨ ਕਰਕੇ ਡੰਡਉਤ ਬੰਦਨਾ ਅਨਿਕਬਾਰ ਨਮਸਕਾਰ ਬਲਿਹਾਰ। ਬਲਿਹਾਰਿ ਜਾਏ ਸਦਾ ਨਾਨਕੁ; ਦੇਹੁ ਅਪਣਾ ਨਾਉ॥

ਵਾਹਿਗੁਰੂ॥ ਪਹਿਲਗਾਮ ਜੈਸੀਆਂ ਸੁੰਦਰ ਵਾਦੀਆਂ, ਉਨ੍ਹਾਂ'ਚ ਵਹਿੰਦੇ ਸੁੰਦਰ ਚਸ਼ਮੇਂ, ਸੁੰਦਰ ਪਹਾੜ, ਪਹਾੜਾਂ'ਤੇ ਪਈ ਸੁੰਦਰ ਬਰਫ, ਠੰਢੇ ਦੇਸ਼ਾਂ'ਚ ਵਰਸ ਰਹੀ ਸੁੰਦਰ ਸਨੋਅ ਦੇ ਢੇਰਾਂ ਦੇ ਢੇਰਾਂ ਸਮੇਤ, ਕ੍ਰੋੜਾਂ ਬ੍ਰਹਮੰਡਾਂ ਦੇ ਪਸਾਰੇ ਆਪਣੇ ਸਰਗੁਨ ਸਰੂਪ ਜੀ'ਚ ਵਸ ਕੇ, ਇਸ ਨੂੰ ਆਪਣੇ ਆਸਰੇ ਟਿਕਾਅ ਕੇ, ਇਸ ਸਰਗੁਨ ਸਰੂਪ ਜੀ ਸਮੇਤ, ਏਕੈ ਏਕੈ ਤੂ ਰਾਇਆ॥ ਨਿਰਗੁਨ ਬ੍ਰਹਮਜੀ, ਹਰ ਸਮੇਂ ਜਪਦੇ ਹਨ, ਧੰਨ ਹਨ ਧੰਨ ਹਨ ਧੰਨ ਹਨ, ਗੁਰਤਾਗੱਦੀ ਬਿਰਾਜਮਾਨ ਸਤਿਗੁਰੂ ਭਗਵਾਨ ਅਨੰਤ ਕਲਾਵਾਨ ਸਦਾ ੨ ਮੇਹਰਵਾਨ ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬਜੀ ਧੰਨ ਹਨ, ਰੋਮ ੨ ਕਰਕੇ ਡੰਡਉਤ ਬੰਦਨਾ ਅਨਿਕਬਾਰ ਨਮਸਕਾਰ ਬਲਿਹਾਰ। ਬਲਿ ਬਲਿ ਬਲਿ ਗੁਰਦੇਵ; ਜਿਨਿ ਨਾਮੁ ਦ੍ਰਿੜਾਇਆ॥

ਵਾਹਿਗੁਰੂ॥ ਅਨੰਤ ਬ੍ਰਹਮੰਡਾਂ'ਚ ਬਰਫ਼ ਦੇ ਪਹਾੜਾਂ'ਤੇ ਵਰ੍ਦੀ ਵਰਖਾ, ਆਪਣੇ ਬੱਦਲਾਂ ਸਹਿਤ ਅਕਾਸ਼ਾਂ'ਚ ਚਲਦੀਆਂ ਸਾਫ਼ ਸ਼ੁੱਧ ਹਵਾਵਾਂ ਤੇ ਹਵਾਵਾਂ ਚੱਲਣ ਤੋਂ ਝੂਮਦੇ ਸੁੰਦਰ ਸਰੂ ਅੰਬ, ਆਦਿ ਸਮੂਹ ਬ੍ਰਿਛ ਤੇ ਬ੍ਰਿਛਾਂ ਵਾਲੀਆਂ ਧਰਤੀਆਂ ਸਮੇਤ, ਕ੍ਰੋੜਾਂ ਬ੍ਰਹਮੰਡਾਂ ਦੇ ਪਸਾਰੇ ਆਪਣੇ ਸਰਗੁਨ ਸਰੂਪ'ਚ ਵਸ ਕੇ, ਇਸ ਨੂੰ ਆਪਣੇ ਆਸਰੇ ਟਿਕਾਅ ਕੇ, ਇਸ ਸਰਗੁਨ ਸਰੂਪਜੀ ਸਮੇਤ, ਪਉਣ ਪਾਣੀ; ਬੈਸੰਤਰ ਮਾਹਿ॥ ਚਾਰਿ ਕੁੰਟ; ਦਹ ਦਿਸੇ ਸਮਾਹਿ॥ ਹਰ ਪ੍ਰਾਣੀਂ ਦੇ ਅੰਦਰ ਬਾਹਰ ਹਰ ਸਮੇਂ ਭਰਪੂਰ ਪ੍ਰਕਾਸ਼ਕ ਨਿਰਗੁਨ ਬ੍ਰਹਮਜੀ, ਹਰ ਸਮੇਂ ਪੂਰਨ ਪ੍ਰੇਮ ਸਹਿਤ ਜਪਦੇ ਹਨ, ਮੇਰਾ ਸੁੰਦਰੁ ਸੁਆਮੀ ਜੀ; ਹਉ ਚਰਨ ਕਮਲ ਪਗ ਛਾਰਾ॥ ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬਜੀ ਧੰਨ ਹਨ, ਰੋਮ ੨ ਕਰਕੇ ਡੰਡਉਤ ਬੰਦਨਾ ਅਨਿਕਬਾਰ ਨਮਸਕਾਰ ਬਲਿਹਾਰ। ਬਲਿ ਤਿਸੁ ਬਾਪੈ; ਜਿਨਿ ਹਉ ਜਾਇਆ॥ ਅਨੁਸਾਰ ਪ੍ਰੇਮੀ ਸਿੱਖ, ਗੁਰਦੇਵ ਮਾਤਾ ਗੁਰਦੇਵ ਪਿਤਾ; ਗੁਰਦੇਵ ਸੁਆਮੀ ਪਰਮੇਸੁਰਾ॥ ਅਨੁਸਾਰ ਪਰਮਪੂਜਨੀਕ ਪਿਤਾਜੀ ਜਾਣ ਕੇ ਜਪ ੨ ਕੇ ਕੁਰਬਾਨ ਹੁੰਦੇ ਹਨ। ਗੁਰ ਜੀ ਕੇ; ਦਰਸਨ ਕਉ ਬਲਿ ਜਾਉ॥ ਜਪਿ ਜਪਿ ਜੀਵਾ; ਸਤਿਗੁਰ ਨਾਉ॥ ੧॥ ਪਾਰਬ੍ਰਹਮ ਪੂਰਨ ਗੁਰਦੇਵ॥ ਕਰਿ ਕਿਰਪਾ; ਲਾਗਉ ਤੇਰੀ ਸੇਵ॥) ਗੁਰ ਕਉ; ਕੁਰਬਾਨੁ ਜਾਉ ਹਾਂ॥

ਵਾਹਿਗੁਰੂ॥ ਕੋਟਾਨ ਕੋਟਿ ਬ੍ਰਹਮੰਡਾਂ'ਚ ਕੋਟਾਨ ਕੋਟਿ ਧਰਤੀਆਂ, ਧਰਤੀਆਂ ਤੇ ਅਗਾਧ ਸਮੁੰਦ੍ਰ, ਸਮੁੰਦ੍ਰਾਂ'ਚ ਠਾਠਾਂ ਮਾਰਦੀਆਂ ਬੇਅੰਤ ਸੁੰਦਰ ਲਹਿਰਾਂ, ਲਹਿਰਾਂ'ਤੇ ਪੈਂਦੀਆਂ ਸੂਰਜਾਂ ਚੰਦ੍ਰਮਾਂ ਦੀਆਂ ਕਿਰਨਾਂ ਅਤੇ ਉਨ੍ਹਾਂ ਦੇ ਸੋਹਣੇ ਸੁਹੱਪਣ ਸਮੇਤ, ਕ੍ਰੋੜਾਂ ਬ੍ਰਹਮੰਡਾਂ ਦੇ ਪਸਾਰੇ ਆਪਣੇ ਸਰਗੁਨ ਸਰੂਪ'ਚ ਵਸ ਕੇ, ਇਸ ਨੂੰ ਆਪਣੇ ਆਸਰੇ ਟਿਕਾਅ ਕੇ, ਇਸ ਸਰਗੁਨ ਸਰੂਪ ਜੀ ਸਮੇਤ, ਹਰ ਪ੍ਰਾਣੀ ਦੇ ਅੰਦਰ ਬਾਹਰ ਹਰ ਸਮੇਂ ਭਰਪੂਰ ਪ੍ਰਕਾਸ਼ਕ ਜਲਿ ਥਲਿ ਮਹੀਅਲਿ ਪੂਰਿ ਰਹਿਓ; ਸਰਬ ਨਾਥ ਅਪਾਰ॥) ਮੇਰੇ ਸੁੰਦਰ; ਗਹਿਰ ਗਭੀਰ ਲਾਲ॥ ਨਿਰਗੁਨ ਬ੍ਰਹਮਜੀ, ਹਰ ਸਮੇਂ ਜਪ ਰਹੇ ਹਨ। ਧੰਨ ਹਨ ਧੰਨ ਹਨ ਧੰਨ ਹਨ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬਜੀ ਧੰਨ ਹਨ ਰੋਮ ੨ ਕਰਕੇ ਡੰਡਉਤ ਬੰਦਨ ਅਨਿਕ ਬਾਰ ਨਮਸਕਾਰ ਬਲਿਹਾਰ। ਬਲਿ ਬਲਿ; ਤਿਸੁ ਸਤਿਗੁਰ ਕਉ ਜਾਉ॥) ਹਾਂ ਕਿ ਬਲਿ ਬਲਿ; ਬਲਿ ਬਲਿ ਸਦ ਬਲਿਹਾਰ॥ ਪ੍ਰੇਮੀ ਗੁਰਸਿੱਖ ਹੀਏ ਕੋ ਪ੍ਰੀਤਮੁ;

Sri Satguru Jagjit Singh Ji eLibrary NamdhariElibrary@gmail.com

ਪਾਰਬ੍ਰਹਮ ਪੂਰਨ ਗੁਰਦੇਵ ਜੀ ਨੂੰ, ਰਿਦੇ'ਚ ਅਰਾਧਦੇ, ਜ਼ਬਾਨ ਕਰਕੇ ਜਪਦੇ, ਨੇਤ੍ਰਾਂ ਕਰਕੇ ਦਰਸ਼ਨ ਕਰਦੇ, ਕੰਨਾਂ'ਚ ਸੁਣਦੇ ਹਨ। ਅੰਤਰਿ ਗੁਰੁ ਆਰਾਧਣਾ; ਜਿਹਵਾ ਜਪਿ ਗੁਰ ਨਾਉ॥ ਨੇਤ੍ਰੀ ਸਤਿਗੁਰੁ ਪੇਖਣਾ; ਸ੍ਰਵਣੀ ਸੁਨਣਾ ਗੁਰ ਨਾਉ॥ ਸਤਿਗੁਰ ਸੇਤੀ ਰਤਿਆ; ਦਰਗਹ ਪਾਈਐ ਠਾਉ॥ ਕਹੁ ਨਾਨਕ ਕਿਰਪਾ ਕਰੇ; ਜਿਸ ਨੋ ਏਹ ਵਥੁ ਦੇਇ॥ ਜਗ ਮਹਿ ਉਤਮ ਕਾਢੀਅਹਿ; ਵਿਰਲੇ ਕੇਈ ਕੇਇ॥

ਵਾਹਿਗੁਰੂ॥ ਕੋਟਾਨ ਕੋਟਿ ਸਮੁੰਦ੍ਰਾਂ'ਚ ਅਣਗਿਣਤ ਹੀਰੇ ਜਵਾਹਰਾਤ, ਲਾਲ ਮੂੰਗੇ, ਰਤਨ ਇਨ੍ਹਾਂ ਦੇ ਜੌਹਰ ਜਲਵੇ ਪ੍ਰਕਾਸ਼ ਸਮੇਤ, ਕ੍ਰੋੜਾਂ ਬ੍ਰਹਮੰਡਾਂ ਦੇ ਪਸਾਰੇ ਆਪਣੇ ਸਰਗੁਨ ਸਰੂਪ'ਚ ਵਸ ਕੇ, ਇਸ ਨੂੰ ਆਪਣੇ ਆਸਰੇ ਟਿਕਾਅ ਕੇ, ਇਸ ਸਰਗੁਨ ਸਰੂਪ ਜੀ ਸਮੇਤ, ਹਰ ਪ੍ਰਾਣੀਂ ਦੇ ਅੰਦਰ ਬਾਹਰ ਹਰ ਸਮੇਂ ਭਰਪੂਰ ਪ੍ਰਕਾਸ਼ਕ, ਪੂਰਿ ਰਹਿਓ ਸਰਬਤ੍ਰ ਮਹਿ; ਪ੍ਰਭ ਗੁਣੀ ਗਹੀਰ॥ ਵਾਹਿਗੁਰੂ ਨਿਰਗੁਨ ਬ੍ਰਹਮਜੀ, ਹਰ ਸਮੇਂ ਜਪ ਰਹੇ ਹਨ, ਧੰਨ ਹਨ ਧੰਨ ਹਨ ਧੰਨ ਹਨ ਵਾਹਿਗੁਰੂ, ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬਜੀ ਧੰਨ ਹਨ, ਰੋਮ ੨ ਕਰਕੇ ਡੰਡਉਤ ਬੰਦਨ ਅਨਿਕਬਾਰ ਨਮਸਕਾਰ ਬਲਿਹਾਰ। ਬਲਿਹਾਰੀ ਗੁਰ ਆਪਣੇ; ਜਿਨਿ ਅਉਗਣ ਮੇਟਿ.ਗੁਣ ਪਰਗਟੀਆਏ॥

ਵਾਹਿਗੁਰੂ॥ ਕੋਟਾਨ ਕੋਟਿ ਬ੍ਰਹਮੰਡਾਂ'ਚ ਅਨੰਤ ਸੁੰਦਰ ਮਾਨਸ੍ਰੋਵਰ ਅਤੇ ਉਨ੍ਹਾਂ'ਤੇ ਰਹਿਣ ਵਾਲੇ ਸੁੰਦਰ ਹੰਸ ਹੰਸਣੀਆਂ, ਉਨ੍ਹਾਂ ਦਾ ਸੁੰਦਰ ਸੋਹਣਾ ਉੱਜਲ ਜਲ, ਸੁੰਦਰ ਸੁਹਾਵਣੀ ਹਵਾ ਦੇ ਝੁਲਾਰੇ, ਸੁੰਦਰ ਅੰਬਰ ਤੇ ਸੂਰਜ ਚੰਦ ਤਾਰੇ, ਉੱਥੋਂ ਦੇ ਕੁਦਰਤੀ ਨਜ਼ਾਰੇ ਸਮੇਤ, ਕ੍ਰੋੜਾਂ ਬ੍ਰਹਮੰਡਾਂ ਦੇ ਪਸਾਰੇ ਆਪਣੇ ਸਰਗੁਨ ਸਰੂਪ'ਚ ਵਸ ਕੇ, ਇਸ ਨੂੰ ਆਪਣੇ ਆਸਰੇ ਟਿਕਾਅ ਕੇ, ਇਸ ਸਰਗੁਨ ਸਰੂਪਜੀ ਸਮੇਤ, ਜਲਿ ਥਲਿ ਪੇਖਿ ਪੇਖਿ.ਮਨੁ ਬਿਗਸਿਓ; ਪੂਰਿ ਰਹਿਓ ਸਰਬ ਮਹੀ॥ ਹਰ ਪ੍ਰਾਣੀ ਦੇ ਅੰਦਰ ਬਾਹਰ ਹਰ ਸਮੇਂ ਭਰਪੂਰ ਪ੍ਰਕਾਸ਼ਕ ਵਾਹਿਗੁਰੂ ਨਿਰਗੁਨ ਬ੍ਰਹਮਜੀ, ਹਰ ਸਮੇਂ ਜਪਦੇ ਹਨ। ਸਜਣੁ ਸਚਾ ਪਾਤਿਸਾਹੁ; ਸਿਰਿ ਸਾਂਹਾਂ ਦੈ ਸਾਹੁ॥ ਜਿਸੁ ਪਾਸਿ ਬਹਿਠਿਆ ਸੋਹੀਐ; ਸਭਨਾ ਦਾ ਵੇਸਾਹੁ॥ ਧੰਨ ਹਨ ਧੰਨ ਹਨ ਧੰਨ ਹਨ ਵਾਹਿਗੁਰੂ, ਪਰਮਪੂਜਨੀਕ ਸੱਚੇ ਸਤਿਗੁਰੂ ਗ੍ਰੰਥ ਸਾਹਿਬਜੀ ਧੰਨ ਹਨ। ਆਪਜੀ ਸਰਬੱਤ ਦੇ ਭਲੇ ਦਾ ਪਰਮਪਵਿੱਤ੍ਰ ਅੰਮ੍ਰਿਤ ਉੱਤਮ ਉੱਚਾ ਸੁੱਚਾ ਉਪਦੇਸ਼ ਦੇ ਕੇ ਸਾਰੇ ਸੰਸਾਰ ਨੂੰ ਤਾਰ ਰਹੇ ਹੋਂਜੀ! ਤੇਰਾ ਏਕੁ ਨਾਮੁ ਤਾਰੇ ਸੰਸਾਰੁ॥

ਆਪਣੇ ਵਿਆਪਕ ਸਰੂਪ'ਚ ਇਸਥਿੱਤ ਅਕਾਸ਼ ਅਤੇ ਅਕਾਸ਼'ਚ ਸਥਿੱਤ ਧਰਤੀ ਅਤੇ ਧਰਤੀ ਦੇ ਸਪੂਤ ਬ੍ਰਿੱਛ, ਬ੍ਰਿੱਛਾਂ ਤੋਂ ਬਣੇ ਸਾਜ ਅਤੇ ਸਾਜ ਵਜਾਉਣ ਵਾਲੇ ਵਜੰਤ੍ਰੀ, ਰਾਗ ਗਾਉਣ ਵਾਲੇ ਰਾਗੀ, ਰਾਗੀਆਂ ਦੇ ਗਾਏ ਅੰਮ੍ਰਿਤ ਕੀਰਤਨ, ਕਥਾਕਾਰਾਂ ਦੀ ਕਥੀ ਗੁਰਬਾਣੀ ਕਥਾ ਸਮੇਤ, ਕ੍ਰੋੜਾਂ ਬ੍ਰਹਮੰਡਾਂ ਦੇ ਪਸਾਰੇ, ਆਪਣੇ ਸਰਗੁਨ ਸਰੂਪ ਜੀ'ਚ ਵਸ ਕੇ, ਇਸ ਨੂੰ ਆਪਣੇ ਆਸਰੇ ਟਿਕਾਅ ਕੇ, ਇਸ ਸਰਗੁਨ ਸਰੂਪ ਜੀ ਸਮੇਤ, ਅੰਗ ਅੰਗ ਸੁਖਦਾਈ.ਪੂਰਨ ਬ੍ਰਹਮਾਈ; ਥਾਨ ਥਾਨੰਤਰ ਦੇਸਾ॥ ਹਰ ਪ੍ਰਾਣੀ ਦੇ ਅੰਦਰ ਬਾਹਰ ਹਰ ਸਮੇਂ ਭਰਪੂਰ ਪ੍ਰਕਾਸ਼ਕ ਵਾਹਿਗੁਰੂ ਨਿਰਗੁਨ ਬ੍ਰਹਮਜੀ, ਹਰ ਸਮੇਂ ਜਪ ਰਹੇ ਹਨ। ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਧੰਨ ਵਾਹਿਗੁਰੂ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬਜੀ ਧੰਨ ਹਨ, ਆਪਜੀ ਨੇ ਪਰਮਪਵਿੱਤ੍ਰ ਪਹਿਲੇ ਜਾਮੇਂ'ਚ ਪਰਬਤ ਨੂੰ ਪੰਜਾ ਲਾ ਕੇ, ਪਰਮਪੂਜਨੀਕ ਸ੍ਰੀ ਪੰਜਾ ਸਾਹਿਬਜੀ ਪ੍ਰਗਟ ਕੀਤੇ, ਹੰਕਾਰੀ ਵਲੀ ਕੰਧਾਰੀ ਦਾ ਮਾਣ ਤੋੜਿਆ, ਸੁੰਦਰ ਸੁਘਰ ਬੇਅੰਤ ਪਿਤਾ ਪ੍ਰਭ; ਜੀ ਨੇ ਕਲਯੁੱਗ'ਚ, ਸਤਿਨਾਮੁ ਦਾ ਸਿੱਕਾ ਚਲਾ ਕੇ, ; ਗੁਰਮੁਖਿ ਗਾਡੀ ਰਾਹੁ ਚਲਾਇਆ। ਸਰਬੱਤ ਦਾ ਭਲਾ ਕੀਤਾ। ਮਾਰਿਆ ਸਿਕਾ ਜਗਤ੍ਰਿ ਵਿਚਿ; ਨਾਨਕ ਨਿਰਮਲ ਪੰਥ ਚਲਾਇਆ।) ਸਤਿਨਾਮੁ ਪ੍ਰਭ ਕਾ; ਸੁਖਦਾਈ॥ ਬਿਸ੍ਵਾਸੁ ਸਤਿ; ਨਾਨਕ ਗੁਰ ਤੇ ਪਾਈ॥) ਨਮਸਕਾਰ ਗੁਰਦੇਵ ਕੋ; ਸਤਿਨਾਮ ਜਿਸ ਮੰਤ੍ਰ ਸੁਣਾਇਆ। ਸੁਖਦਾਈ ਸਤਿਨਾਮੁ ਨਾਮੁ ਅਭਿਆਸ ਕਰਾ ਕੇ, ਆਪਜੀ ਦੇ ਪ੍ਰੇਮੀ ਸਿੱਖ ਹਿੰਦੂ ਮੁਸਲਮਾਨ,

Sri Satguru Jagjit Singh Ji eLibrary NamdhariElibrary@gmail.com

ਆਪਜੀ ਦੇ ਪਰਮਪੂਜਨੀਕ ਸੱਚੇ ਚਰਨ-ਕਮਲਾਂ ਨੂੰ ਆਪਣੇ ਨੇਤ੍ਰਾਂ'ਚ ਟਿਕਾਉਂਦੇ, ਆਪਣੀ ਜਿੰਦ ਜਾਨ ਸ੍ਵੰਸ ਆਪਜੀ ਤੋਂ ਕੁਰਬਾਨ ਕਰਦੇ, ਆਪਜੀ ਨੂੰ ਸੁਆਸ ੨ ਜਪਦੇ ਜਪਾਉਂਦੇ ਧਿਆਉਂਦੇ ਹਨ। ਆਪਜੀ ਸਭਨਾ ਦੇ ਮਨ'ਚ ਭਾ ਕੇ ਰੋਮ ੨'ਚ ਵਸ ਗਏ। ਖਾਣੀ ਬਾਣੀ ਸਰਬ ਨਿਵਾਸੀ; ਸਭਨਾ ਕੈ ਮਨਿ ਭਾਵਣਿਆ॥

ਵਾਹਿਗੁਰੂ॥ ਆਪਸ ਕਉ; ਆਪਹਿ ਆਦੇਸੁ॥ ਅਨੁਸਾਰ ਸੁੰਦਰੁ ਸੁਘੜੁ ਚਤੁਰੁ; ਜੀਅ ਦਾਤਾ॥ ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬਜੀ ਦੇ ਸਮੂਹ ਗੁਰਸਿੱਖਾਂ ਦੇ ਹਿਰਦੇ ਰੋਮ ੨ ਹਰ ਵੇਲੇ, ਤੂ ਦਇਆਲੁ ਕਿਰਪਾਲੁ ਪ੍ਰਭੁ ਸੋਈ॥) ਤੂੰ ਦਇਆਲੁ ਕ੍ਰਿਪਾਲੁ ਕ੍ਰਿਪਾ ਨਿਧਿ; ਮਨਸਾ ਪੂਰਣਹਾਰਾ॥) ਤੁਮ੍ ਦਇਆਲ ਕਿਰਪਾਲ ਕ੍ਰਿਪਾ ਨਿਧਿ; ਪਤਿਤ ਪਾਵਨ ਗੋਸਾਈ॥) ਦੀਨ ਦਇਆਲ ਕ੍ਰਿਪਾਲ ਸੁਖ ਸਾਗਰ; ਸਰਬ ਘਟਾ ਭਰਪੂਰੀ ਰੇ॥ ਅਨੁਸਾਰ ਦਇਆਲ ਕ੍ਰਿਪਾਲ ਕ੍ਰਿਪਾਨਿਧਿ ਜਾਣ ਕੇ, ਹਰ ਵੇਲੇ ਜਪਦੇ ਹਨ, ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਧੰਨ ਵਾਹਿਗੁਰੂ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬਜੀ ਧੰਨ ਹਨ, ਕਿਉਂ ਜੋ ਆਪਜੀ ਬ੍ਰਹਮ ਨੂੰ ਪ੍ਰਗਟ ਕਰਕੇ ਦਿਖਾਉਂਦੇ ਹਨ। ਬਲਿਹਾਰੀ ਗੁਰ ਆਪਣੇ; ਜਿਨਿ ਹਿਰਦੈ ਦਿਤਾ ਦਿਖਾਇ॥

ਵਾਹਿਗੁਰੂ॥ ਵਡਾ ਦਾਤਾ; ਤਿਲੁ ਨ ਤਮਾਇ॥ ਅਨੁਸਾਰ ਵੱਡੇ ਦਾਤੇ, ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਪਣੇ ਹਿਰਦੇ ਦੇ ਪਿਆਰੇ ਸਿੱਖਾਂ ਨੂੰ, ਚਾਰ ਪਦਾਰਥ ਧਰਤੀ ਧਨ ਦੂਧ ਪੂਤ ਰਾਜ ਭਾਗ ਬਖਸ਼ ਕੇ, ਉਨ੍ਹਾਂ ਦੇ ਅੰਦਰ ਬਾਹਰ ਹਰ ਸਮੇਂ ਭਰਪੂਰ ਪ੍ਰਕਾਸ਼ਕ ਵਾਹਿਗੁਰੂ ਨਿਰਗੁਨ ਬ੍ਰਹਮਜੀ ਦੀ ਸਾਖਿਆਤਤਾ ਸਹਿਤ, ਖਿਮਾ ਧੀਰਜ ਸੰਤੋਖ ਸਹਿਣਸ਼ੀਲਤਾ ਪ੍ਰੇਮ ਸੱਚ ਧਰਮ, ਬ੍ਰਹਮਗਿਆਨੀ ਸਗਲ ਕੀ ਰੀਨਾ॥) ਬ੍ਰਹਮਗਿਆਨੀ ਕੈ ਗਰੀਬੀ ਸਮਾਹਾ॥ ਬ੍ਰਹਮਗਿਆਨੀ ਪਰਉਪਕਾਰ ਉਮਾਹਾ॥ ਆਦਿ ਸ਼ੁਭ ਗੁਣਾਂ ਦੇ ਅਨੰਤ ਸੂਰਜ ਚੰਦ ਤਾਰੇ ਮੰਡਲ ਚੜ੍ਹਾ ਦਿੰਦੇ ਹਨ, ਇਨ੍ਹਾਂ ਸ਼ੁਭ ਗੁਣਾਂ ਦੇ ਸੂਰਜਾਂ ਚੰਦ੍ਰਮਿਆਂ ਤਾਰੇ ਮੰਡਲਾਂ, ਇਨ੍ਹਾਂ ਦੇ ਸੁਖ ਸ਼ਾਂਤੀ ਦੇ ਵਿਸਮਾਦ ਪ੍ਰਕਾਸ਼ ਸਹਿਤ, ਹਰ ਪ੍ਰਾਣੀ ਦੇ ਅੰਦਰ ਬਾਹਰ ਹਰ ਸਮੇਂ ਭਰਪੂਰ ਪ੍ਰਕਾਸ਼ਕ ਵਾਹਿਗੁਰੂ ਨਿਰਗੁਨ ਬ੍ਰਹਮਜੀ ਆਪਣੇ ਸਰਗੁਨ ਦੇ ਪਸਾਰੇ ਸਹਿਤ, ਵਿਸਮਾਦ ਰੰਗ'ਚ, ਗੁਰੂ ਗੁਰੂ ਜਪਿ; ਮੀਤ ਹਮਾਰੇ॥ ਅਨੁਸਾਰ ਹਰ ਸਮੇਂ ਜਪਦੇ ਹਨ, ਧੰਨ ਹਨ ਧੰਨ ਹਨ ਧੰਨ ਹਨ, ਗਰਬ ਪ੍ਰਹਾਰੀ ਪਰਮਪੂਜਨੀਕ ਧੰਨ ਵਾਹਿਗੁਰੂ ਸੱਚੇ ਸਤਿਗੁਰੂ ਗ੍ਰੰਥ ਸਾਹਿਬਜੀ ਧੰਨ ਹਨ, ਰੋਮ ੨ ਕਰਕੇ ਡੰਡਉਤ ਬੰਦਨਾ ਅਨਿਕਬਾਰ ਨਮਸਕਾਰ ਬਲਿਹਾਰ। ਬਲਿਹਾਰੈ ਨਾਨਕ ਲਖ ਬੇਰਾ; ਮੇਰੇ ਠਾਕੁਰ ਅਗਮ ਅਗਾਧਿਓ॥) ਬਾਰਿ ਜਾਉ.ਲਖ ਬੇਰੀਆ; ਹਰਿ ਸਜਣੁ ਅਗਮ ਅਗਾਹੁ॥) ਬਾਰਿ ਜਾਉ.ਲਖ ਬੇਰੀਆ; ਦਰਸੁ ਪੇਖਿ ਜੀਵਾਵਉ॥) ਹਉ ਬਲਿ ਜਾਈ.ਲਖ ਲਖ ਲਖ ਬਰੀਆ; ਜਿਨਿ ਭ੍ਰਮੁ ਪਰਦਾ ਖੋਲ੍ਹਾ ਰਾਮ॥

ਵਾਹਿਗੁਰੂ॥ ਪਰਮਪੂਜਨੀਕ ਸਨਮੁਖ ਗੁਰਮੁਖਿ ਪੂਰਨ ਪ੍ਰੇਮੀ ਰਹਿਤਵਾਨ ਨਿੱਤਨੇਮੀ ਸੱਚੇ ਸਤਿਗੁਰੂ ਸਾਹਿਬਜੀ ਦੇ ਅਤੀ ਪਿਆਰੇ ਹੀਰੇ ਮੀਰੇ ਗੁਰਮੁਖਿ ਸ਼ਹੀਦ ਭਾਈ ਮਨੀਸਿੰਘ ਸਾਹਿਬਜੀ ਦੇ ਬੰਦ ੨ ਕੱਟੇ ਜਾ ਰਹੇ ਹਨ। ਪਰਮਪਵਿੱਤ੍ਰ ਸ੍ਰੀਰ ਦਾ ਸ਼ੁੱਧ ਸਾਫ਼ ਖ਼ੂਨ ਢੇਰੀ ਹੋ ਰਿਹਾ ਹੈ, ਧਰਤੀ ਖ਼ੂਨ ਨਾਲ ਰੰਗੀ ਜਾ ਰਹੀ ਹੈ। ਪਰਮਪਵਿੱਤ੍ਰ ਸ੍ਰੀਰ ਨੂੰ ਟੱਕ ਮਾਰ ਕੇ ਬੰਦ ੨ ਕੱਟਣ ਵਾਲੇ ਸ਼ਸ਼ਤ੍ਰ ਖ਼ੂਨ ਨਾਲ ਗੱਚ ਹੋ ਰਹੇ ਹਨ। ਖ਼ੂਨ ਨਾਲ ਰੰਗੀ ਧਰਤੀ ਤੇ ਸ਼ਸ਼ਤ੍ਰਾਂ ਨੂੰ ਲੱਗਾ ਖ਼ੂਨ, ਟੋਕਰੇ'ਚ ਪਏ ਬੰਦ, ਖ਼ੂਨ ਦੇ ਸਮੂਹ ਕਤਰਿਆਂ ਸਮੇਤ, ਕ੍ਰੋੜਾਂ ਬ੍ਰਹਮੰਡਾਂ ਦੇ ਪਸਾਰੇ ਆਪਣੇ ਸਰਗੁਨ ਸਰੂਪ ਜੀ'ਚ ਵਸ ਕੇ, ਇਸ ਨੂੰ ਆਪਣੇ ਆਸਰੇ ਟਿਕਾਅ ਕੇ, ਇਸ ਸਰਗੁਨ ਸਰੂਪ ਜੀ ਸਮੇਤ, ਹਰ ਪ੍ਰਾਣੀ ਦੇ ਅੰਦਰ ਬਾਹਰ ਹਰ ਸਮੇਂ ਭਰਪੂਰ ਪ੍ਰਕਾਸ਼ਕ ਵਾਹਿਗੁਰੂ ਨਿਰਗੁਨ ਬ੍ਰਹਮਜੀ, ਸਭ ਤੇ ਊਚ ਠਾਕੁਰੁ ਨਾਨਕ ਕਾ; ਬਾਰ ਬਾਰ ਨਮਸਕਾਰੈ॥ ਅਨੁਸਾਰ ਸਭ ਤੋਂ ਉੱਚੇ

Sri Satguru Jagjit Singh Ji eLibrary NamdhariElibrary@gmail.com

ਠਾਕੁਰ ਮੰਨ ਕੇ, ਹਰ ਸਮੇਂ ਜਪ ਰਹੇ ਹਨ ਧੰਨ ਹਨ ਧੰਨ ਹਨ ਧੰਨ ਹਨ ਵਾਹਿਗੁਰੂ, ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬਜੀ ਧੰਨ ਹਨ।

ਕੋਟਿ ਬ੍ਰਹਮੰਡ ਦੇ ਪੂਰਨ ਧਰਮੀ ਮਹਾਂਪੁਰਸ਼ਾਂ ਦੀ ਸ਼ਹੀਦੀ ਤੱਕਣ ਵਾਲੇ ਅੰਬਰ, ਹਵਾਵਾਂ, ਅਕਾਸ਼ੀ ਰੂਹਾਂ, ਅਨੰਤ ਸੂਰਜਾਂ ਦੀਆਂ ਕਿਰਨਾਂ ਧੁੱਪਾਂ, ਅਨੰਤ ਅੰਬਰਾਂ ਦੇ ਤਾਰਿਆਂ ਸਮੇਤ, ਕ੍ਰੋੜਾਂ ਬ੍ਰਹਮੰਡਾਂ ਦੇ ਪਸਾਰੇ ਆਪਣੇ ਸਰਗੁਨ ਸਰੂਪ ਜੀ'ਚ ਵਸ ਕੇ, ਇਸ ਨੂੰ ਆਪਣੇ ਆਸਰੇ ਟਿਕਾਅ ਕੇ, ਇਸ ਸਰਗੁਨ ਸਰੂਪਜੀ ਸਮੇਤ, ਪੂਰਨ ਪੂਰਿ ਰਹਿਓ ਸਰਬ ਥਾਈ; ਆਨ ਨ ਕਤਹੂੰ ਜਾਤਾ॥ ਘਟ ਘਟ ਅੰਤਰਿ.ਸਰਬ ਨਿਰੰਤਰਿ; ਰੰਗਿ ਰਵਿਓ ਰੰਗਿ ਰਾਤਾ॥ ਹਰ ਪ੍ਰਾਣੀ ਦੇ ਅੰਦਰ ਬਾਹਰ ਹਰ ਸਮੇਂ ਭਰਪੂਰ ਪ੍ਰਕਾਸ਼ਕ ਵਾਹਿਗੁਰੂ ਨਿਰਗੁਨ ਬ੍ਰਹਮਜੀ, ਹਰ ਸਮੇਂ ਜਪ ਰਹੇ ਹਨ, ਧੰਨ ਹਨ ਧੰਨ ਹਨ ਧੰਨ ਹਨ ਵਾਹਿਗੁਰੂ, ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬਜੀ ਧੰਨ ਹਨ, ਜਿਨ੍ਹਾਂ ਨੇ ਐਸੇ ਪਰਮਪੂਜਨੀਕ ਪੂਰਨ ਬ੍ਰਹਮ ਗਿਆਨੀ ਸੂਰਵੀਰ ਬਹਾਦਰ ਤੱਤ ਬੇਤੇ ਕਥਾਕਾਰ, ਮਹਾਨ ਕੀਰਤਨੀਏ, ਮਹਾਨ ਸੇਵਾਦਾਰ, ਧਰਮ ਪ੍ਰਚਾਰਕ, ਵੱਡੇ ਧੀਰਜਧਾਰੀ ਮਹਾਨ ਪਰਉਪਕਾਰੀ, ਅਗਮ ਅਪਾਰ, ਉਦਾਰ ਮਹਾਂਪੁਰਸ਼ ਪੈਦਾ ਕੀਤੇ। ਸੋ ਸਤਿਗੁਰ. ਜਿ ਸਚੁ ਧਿਆਇਦਾ; ਸਚੁ ਸਚਾ ਸਤਿਗੁਰ ਇਕੇ॥ ਧੰਨ ਵਾਹਿਗੁਰੂ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬਜੀ ਮਹਾਰਾਜ ਆਪਣੇ ਅਤਿਅੰਤ ਪਿਆਰੇ ਸ਼ਹੀਦ ਪ੍ਰੇਮੀ ਗੁਰਸਿੱਖਾਂ'ਤੇ ਆਏ ਅਕਹਿ ਅਸਹਿ ਕਸ਼ਟਾਂ ਸਮੇਂ, ਅਥਵਾ ਹਰ ਸਮੇਂ ਉਨ੍ਹਾਂ ਦੇ ਦਿਲ ਦਿਮਾਗ਼ 'ਚ ਅੰਮ੍ਰਿਤ ਗੁਰਬਾਣੀ ਭੇਜਦੇ ਰਹਿੰਦੇ ਹਨ।

ਅੰਗੀਕਾਰੁ.ਓਹੁ ਕਰੇ ਤੇਰਾ; ਕਾਰਜ ਸਭਿ ਸਵਾਰਣਾ॥ ਅਨੁਸਾਰ ਆਪਣੇ ਪ੍ਰੇਮੀਆਂ ਦਾ ਪੱਖ ਕਰਦੇ ਹਨ, ਜਿਸ ਕਰਕੇ ਸਿੱਖ ਆਪਣੇ ਸੀਸ ਕੁਰਬਾਨ ਕਰਕੇ, ਮਹਾਨ ਸਖ਼ਤ ਇਮਤਿਹਾਨਾਂ'ਚੋਂ ਪਾਸ ਹੋ ਜਾਂਦੇ ਹਨ। ਪਰਮਪੂਜਨੀਕ ਮਹਾਨ ਸੱਚੇ ਸੁੱਚੇ ਜਲਾਲੀ ਉੱਚ ਕਰਨੀ ਵਾਲੇ ਸ਼ਹੀਦਾਂ ਨੇ ਇਸ ਪਰਮ ਮਨੋਹਰ ਅਮੋਲਕ ਸਲੋਕ ਨੂੰ ਕਮਾਇਆ। ਕਬੀਰ.ਜਉ ਤੁਹਿ ਸਾਧ.ਪਿਰੰਮ ਕੀ; ਸੀਸੁ ਕਾਟਿ ਕਰਿ ਗੋਇ॥ ਖੇਲਤ ਖੇਲਤ ਹਾਲ ਕਰਿ; ਜੋ ਕਿਛੁ ਹੋਇ ਤ ਹੋਇ॥

ਪਰਮਪੂਜਨੀਕ ਵਾਹਿਗੁਰੂ ਸੱਚੇ ਸਤਿਗੁਰੂ ਅੰਮ੍ਰਿਤ ਗੁਰਬਾਣੀ ਗੁਰੂਜੀ ਨੇ ਬੇਅੰਤ ਪਰਉਪਕਾਰੀ ਪੂਰਨ ਵੈਰਾਗੀ ਸਿਮਰਨ ਅਭਿਆਸੀ ਮਹਾਂਪੁਰਖ ਸ਼ਹੀਦ ਪੈਦਾ ਕੀਤੇ, ਜਿਨ੍ਹਾਂ ਦੀਆਂ ਕੁਰਬਾਨੀਆਂ ਅਤੇ ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬਾਨਜੀ ਦੀਆਂ ਕੁਰਬਾਨੀਆਂ ਦੁਆਰਾ ਪਰਮਪਵਿੱਤ੍ਰ ਅੰਮ੍ਰਿਤ ਗੁਰਬਾਣੀਜੀ ਜੱਗ'ਤੇ ਸਦਾ ਲਈ ਅਮਰ ਅਟੱਲ ਗੁਰਤਾ ਬਿਰਾਜਮਾਨ ਹੋ ਕੇ ਆਪਣੇ ਪਿਆਰੇ ਸਿੱਖਾਂ ਦੇ ਦਿਲ ਦਿਮਾਗ਼'ਚ, ਹਰ ਸਮੇਂ ਗੁਰਬਾਣੀ ਭੇਜ ਰਹੇ ਹਨ। ਕੁਰਬਾਨੀਆਂ ਤੋਂ ਬਿਨਾ ਪਰਮਪੂਜਨੀਕ ਗੁਰਬਾਣੀਜੀ ਅਲੋਪ ਹੋ ਜਾਣੇ ਸਨ।

ਕੁਰਬਾਨੀ ਸ਼ਹੀਦੀ ਦੇ ਦ੍ਰਿਸ਼ਟਾਂਤ ਦੁਆਰਾ, ਅੰਮ੍ਰਿਤ ਗੁਰਬਾਣੀਜੀ ਦੇ ਅਰਥ ਅੰਦਰ ਬਾਹਰ ਸਾਖਿਆਤ ਹੁੰਦੇ ਹਨ, ਕਿਉਂਕਿ ਕੁਰਬਾਨੀਆਂ ਦੇ ਕੇ, ਗੁਰੂਜੀ, ਗੁਰੂ ਪਿਆਰਿਆਂ ਨੇ ਗੁਰਬਾਣੀਜੀ ਕਮਾਏ ਹਨ। ਪੂਰਨ ਵਿਆਪਕ ਬ੍ਰਹਮਜੀ ਦੇ ਸੱਚੇ ਪੂਰਨ ਅਵਤਾਰ ਪਰਮਪੂਜਨੀਕ ਭਗਤ ਸ੍ਰੀ ਕਬੀਰ ਸਾਹਿਬਜੀ, ਸਤਿਗੁਰੂ ਗ੍ਰੰਥ ਸਾਹਿਬਜੀ ਸਹੀ ਸੱਚੀ ਨਿਰਝਿਜਕ ਆਪਣੀ ਕੁਰਬਾਨੀ ਦੇਣ ਬਾਰੇ ਇਉਂ ਕਹਿੰਦੇ ਹਨ:-ਕਬੀਰ.ਜਉ ਤੁਹਿ ਸਾਧ.ਪਿਰੰਮ ਕੀ; ਸੀਸੁ ਕਾਟਿ ਕਰਿ ਗੋਇ॥ ਖੇਲਤ ਖੇਲਤ ਹਾਲ ਕਰਿ; ਜੋ ਕਿਛੁ ਹੋਇ ਤ ਹੋਇ॥ ਹੇ ਕਬੀਰ! (ਜਉ) ਜੇਕਰ (ਤੁਹਿ) ਤੈਨੂੰ (ਪਿਰੰਮ) ਪਿਆਰੇ ਪਤੀ (ਸਾਧ) ਨਿਰਗੁਨ ਬ੍ਰਹਮ ਵਾਹਿਗੁਰੂਜੀ (ਕੀ) ਦੀ ਪ੍ਰਾਪਤੀ ਦੀ ਸ਼ੁਭ (ਸਾਧ) ਸਧਰ ਭਾਵ ਸ਼ੁਭ ਇੱਛਾ ਹੈ

Sri Satguru Jagjit Singh Ji eLibrary NamdhariElibrary@gmail.com

ਅਥਵਾ ਪਿਆਰੇ ਵਾਹਿਗੁਰੂਜੀ ਦਾ (ਸਾਧ) ਸ੍ਰੇਸ਼ਟ ਪੁਰਖ ਬਣਨ ਦੀ ਸ਼ੁਭ ਇੱਛਾ ਹੈ, ਤਾਂ ਆਪਣਾ ਪ੍ਰਤੱਖ ਸੀਸੁ (ਕਾਟਿ) ਵੱਢ (ਕਰਿ) ਕਰਕੇ, ਸੱਚੇ ਸਤਿਗੁਰੂ ਸਾਹਿਬ ਨੂੰ ਅਰਪਣ ਰੂਪ (ਗੋਇ) ਬਾਜ਼ੀ ਖੇਡਣਾ ਕਰ ਅਥਵਾ ਗੁਰੂ ਪ੍ਰੀਤਮਜੀ ਦੀ ਪ੍ਰੇਮਾ-ਭਗਤੀ ਰੂਪੀ ਤਲਵਾਰ ਦੀ ਨਿਮ੍ਰਤਾ ਰੂਪੀ ਧਾਰ ਨਾਲ, ਹੰਕਾਰ ਰੂਪੀ ਸਿਰ ਵੱਢਣ ਰੂਪੀ (ਗੋਇ) ਬਾਜ਼ੀ ਖੇਡਣਾ ਕਰ। ਖੇਲਤ ਖੇਲਤ ਹਾਲ ਕਰਿ; ਜੋ ਕਿਛੁ ਹੋਇ ਤ ਹੋਇ॥ ਸਿਰ ਦੇਣ ਰੂਪ ਬਾਜ਼ੀ ਨੂੰ (ਖੇਲਤ) ਖੇਲਦਿਆਂ (ਖੇਲਤ) ਖੇਲਦਿਆਂ, ਸਿਰ ਕੁਰਬਾਨ ਕਰਨ ਰੂਪ (ਹਾਲ) ਮਸਤੀ ਚੜ੍ਹਾਉਣਾ ਕਰਿ, ਜੋ (ਕਿਛੁ) ਕੁੱਝ (ਹੋਇ) ਹੋਵੇ ਤ (ਹੋਇ) ਹੋਵੇ, ਭਾਵ ਭਾਵੇਂ ਆਪਣਾ ਅੰਗ ੨ ਵੱਢਿਆ ਜਾਵੇ, ਘਰ ਉੱਜੜ ਜਾਵੇ, ਬੱਚਾ ੨ ਸਭ ਪ੍ਰਵਾਰ ਕੁਰਬਾਨ ਹੋ ਜਾਵੇ, ਸਾਰਾ ਜੱਗ ਰੁੜ੍ ਜਾਵੇ।

ਬਾਬਾ ਗੁਰਬਖਸ ਸਿੰਘ ਸਿੱਖ ਰਾਜ ਦੇ ਬਾਨੀ ਮਹਾਨ ਸੂਰਬੀਰ ਯੋਧੇ ਜ਼ੁਲਮ ਦੇ ਨਾਸਕ, ਸੁੱਚੇਨੰਦ ਦੇ ਨੱਕ'ਚ ਨਕੇਲ ਪਾਉਣ ਵਾਲੇ, ਜ਼ਾਲਮ ਵਜੀਦੇ ਨੂੰ ਮਾਰਕੇ, ਸਰਹਿੰਦ ਕਿਲਾ ਢਾਹੁਣ ਵਾਲੇ, ਸਰਹਿੰਦ ਦੀ ਇੱਟ ਨਾਲ ਇੱਟ ਖੜਕਾਉਣ ਵਾਲੇ, ਬਜ਼ਾਰਾਂ'ਚ ਹਲ ਵਗਾਉਣ ਵਾਲੇ, ਪਰਮਪੂਜਨੀਕ ਯੋਧੇ ਸ਼ਹੀਦ ਬਾਬਾ ਗੁਰਬਖਸ਼ ਸਿੰਘਜੀ (ਬੰਦਾਸਿੰਘ ਬਹਾਦਰਜੀ) ਦੀ ਮਹਾਨ ਦਲੇਰ ਕੁਰਬਾਨੀ ਸ਼ਹੀਦੀ ਦਾ ਪਰਮਪਵਿੱਤ੍ਰ ਦ੍ਰਿਸ਼ਟਾਂਤ:-ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਦੇ ਲਾਡਲੇ ਸੱਤ ਸੌ ਸਿੰਘਾਂ ਸਮੇਤ, ਸੂਰਬੀਰ ਬਹਾਦਰ ਬਾਬੇ ਜੀ ਦਾ, ਦਿੱਲੀ ਦੇ ਬਜ਼ਾਰਾਂ'ਚ ਜਲੂਸ ਕੱਢਿਆ ਗਿਆ, ਜਿਸ'ਚ ਹੋਰ ਭੀ ਸ਼ਹੀਦਾਂ ਸਿੰਘਾਂ ਦੇ ਸਿਰ ਬਰਛਿਆਂ ਤੇ ਟੰਗੇ ਹੋਏ ਸਨ। ੫ ਮਾਰਚ ੧੭੧੬ ਈ:ਨੂੰ ਦਿੱਲੀ ਦੇ ਤ੍ਰਿਪੋਲੀਆ ਦਰਵਾਜੇ ਵੱਲ ਕੋਤਵਾਲੀ ਦੇ ਸਾਹਮਣੇ ਸਿੰਘਾਂ ਦਾ ਕਤਲੇਆਮ ਸ਼ੁਰੂ ਹੋਇਆ। ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਦੇ ਪੂਰਨ ਪ੍ਰੇਮੀ ਸੂਰਵੀਰ ਯੋਧੇ ਜਪੀ ਤਪੀ ਨਿਰਮਲ ਸਾਊ ਭੋਲ਼ੇ, ਨਿੱਤਨੇਮੀ ਸਿਮਰਨ ਅਭਿਆਸੀ ਸਿੱਖਾਂ ਨੇ, ਹਾਏ ਸੀ ਤੱਕ ਨ ਉਚਾਰੀ। ਸਬਰ ਸ਼ੁਕਰ'ਚ ਸੁਮੇਰ ਪ੍ਰਬਤ ਵਾਂਗ ਅਚੱਲ ਅਡੋਲ ਅਬੋਲ ਰਹਿ ਕੇ ਹੱਸ ੨ ਕੇ ਕੁਰਬਾਨੀ ਦਿੱਤੀ। ਸੂਰਬੀਰ ਬਾਬੇ ਬੰਦਾ ਸਿੰਘਜੀ ਨੂੰ ਕਿਹਾ, ਦੀਨ ਕਬੂਲ ਕਰ ਮੁਆਫ਼ੀ ਮੰਗ, ਨਹੀਂ ਤਾਂ ਤੇਰੇ ਚਾਰ ਸਾਲਾ ਤੜਫ਼ਦੇ ੨ ਬੱਚੇ ਦਾ ਕਾਲਜਾ, ਤੇਰੇ ਸਾਹਮਣੇ ਕੱਢ ਕੇ, ਤੇਰੇ ਮੁਖ'ਚ ਦੇਵਾਂਗੇ, ਫੇਰ ਤੇਰੀਆਂ ਅੱਖਾਂ ਕੱਢਾਂਗੇ, ਹੱਥ ਪੈਰ ਵੱਢਾਂਗੇ, ਲੋਹੇ ਦੀਆਂ ਦਗ਼ਦੀਆਂ ਲਾਲ ਚਿਮਟੀਆਂ ਨਾਲ, ਤੇਰੇ ਸ਼ਰੀਰ ਦੀਆਂ ਬੋਟੀਆਂ ਕੱਢਾਂਗੇ, ਹਾਥੀ ਦੇ ਪਿੱਛੇ ਬੰਨ੍ ਕੇ ਧੂਹਾਂਗੇ। "ਕਬੀਰ.ਜਉ ਤੁਹਿ ਸਾਧ.ਪਿਰੰਮ ਕੀ; ਸੀਸੁ ਕਾਟਿ ਕਰਿ ਗੋਇ॥ ਖੇਲਤ ਖੇਲਤ ਹਾਲ ਕਰਿ; ਜੋ ਕਿਛੁ ਹੋਇ ਤ ਹੋਇ॥ ਵਾਹਿਗੁਰੂਜੀ ਦੇ ਪਰਮਪੂਜਨੀਕ ਅਵਤਾਰ ਭਗਤ ਸ੍ਰੀ ਕਬੀਰ ਸਾਹਿਬਜੀ ਦੇ ਫ਼ੁਰਮਾਏ.ਇਨ੍ਹਾਂ ਅਮੋਲਕ ਸੱਚੇ ਅਟੱਲ ਬਚਨਾਂ ਨੂੰ ਬਾਬੇ ਬੰਦਾਸਿੰਘ ਬਹਾਦਰ ਜੀ ਨੇ ਦਲੇਰੀ ਨਾਲ ਕਮਾਇਆ, ਬਾਬੇਜੀ ਨੂੰ ਪੂਰਨ (ਪਿਰੰਮ) ਪਿਆਰੇ ਸੱਚੇ ਸਤਿਗੁਰੂ ਦਸਵੇਂ ਪਾਤਿਸ਼ਾਹਜੀ ਦੀ ਪਰਮ ਪ੍ਰਸੰਨਤਾ ਲੈਣ (ਕੀ) ਦੀ ਸੱਚੀ (ਸਾਧ) ਸਧਰ ਇੱਛਾ ਸੀ, ਇਸ ਲਈ ਆਪਣਾ ਸੀਸੁ ਕਾਟਿ (ਕਰਿ) ਕਰਕੇ, ਸੀਸ ਅਰਪਣ ਰੂਪ ਸੱਚੀ (ਗੋਇ) ਬਾਜ਼ੀ ਖੇਡੀ, ਸਿਰ ਵੱਢ ਕੇ ਅਰਪਣ ਰੂਪੀ ਬਾਜ਼ੀ (ਖੇਲਤ) ਖੇਡਦਿਆਂ (ਖੇਲਤ) ਖੇਡਦਿਆਂ, ਸਤਿਗੁਰੂ ਸਾਹਿਬ ਤੋਂ ਆਪਣਾ ਸ੍ਵੰਸ ਕੁਰਬਾਨ ਕਰਨ ਰੂਪ ਹਾਲ ਕੀਤਾ।; ਜੋ ਕਿਛੁ ਹੋਇ ਤ ਹੋਇ॥ ਅਨੁਸਾਰ ਭਾਵੇਂ ਨੇੜ੍ਹਾਂ ਦੇ ਸਾਹਮਣੇ ਬੱਚੇ ਦਾ ਕਾਲਜਾ ਕੱਢ ਕੇ ਮੂੰਹ'ਚ ਦੇ ਦਿੱਤਾ, ਉਪ੍ਰੋਕਤ ਸਾਰੀਆਂ ਸਜ਼ਾਵਾਂ ਦਿਤੀਆਂ, ਪਰ ਫੇਰ ਭੀ ਉਪ੍ਰੋਕਤ ਸਲੋਕ ਨੂੰ ਕਮਾਇਆ, ਇਉਂ ਹਉਮੈ ਤਿਆਗ ਕੇ, ਅੱਠੇ ਪਹਿਰ ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬਜੀ ਨਾਲ ਜੁੜ ਕੇ, ਆਪਣਾ ਸ੍ਵੰਸ ਕੁਰਬਾਨ ਕਰਕੇ, ਨਿਹਾਲ ੩ ਹੋਣਾ ਚਾਹੀਦਾ ਹੈਜੀ।

ਵਾਹਿਗੁਰੂ॥ ਖੰਡ ਬ੍ਰਹਮੰਡ ਬੇਅੰਤ; ਉਧਾਰਣਹਾਰਿਆ॥ ਵਾਹਿਗੁਰੂ ਪੂਰਨ ਬ੍ਰਹਮਜੀ ਦੇ ਪੂਰਨ ਗੁਰੂ ਅਵਤਾਰ, ਅਨੰਤ ਕਲਾਵਾਨ ਸਦਾ ਸਦਾ ਮਿਹਰਵਾਨ ਪੂਰਨ ਭਗਵਾਨ ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ

Sri Satguru Jagjit Singh Ji eLibrary NamdhariElibrary@gmail.com

ਗੁਰੂ ਗ੍ਰੰਥ ਸਾਹਿਬਜੀ ਆਪਣੇ ਪ੍ਰੇਮੀ ਸਿੱਖ ਦੇ ਰੋਮ ੨ ਦਿਲ ਦਿਮਾਗ਼ ਸੁਰਤੀ ਸਿਮਰਤੀ ਚਿਤਵਨੀ ਬੁੱਧੀ ਜਾਗ੍ਰਤ ਸੁਪਨ, ਸੁਖੋਪਤਿ'ਚ, ਤੁਮ ਬਡ ਦਾਤੇ; ਦੇ ਰਹੇ॥ ਅਨੁਸਾਰ ਪਰਮਪਵਿੱਤ੍ਰ ਅੰਮ੍ਰਿਤ ਗੁਰਬਾਣੀ ਹਰ ਸਮੇਂ ਭੇਜਦੇ ਰਹਿੰਦੇ ਹਨ। ਗੁਰਬਾਣੀ ਭੇਜ ਕੇ, ਪੂਰਨ ਮੇਹਰਵਾਨ ਸ਼ੁਭ ਗੁਣਾਂ ਦੇ ਅਸੰਖ ਪ੍ਰਕਾਸ਼ ਸਰੂਪ ਨਿਰਗੁਨ ਬ੍ਰਹਮ'ਚ ਸਦਾ ਲਈ ਲੀਣਤਾ ਬਖ਼ਸ਼ਦੇ ਹਨ। ਜਿਵੇਂ ੨ ਪ੍ਰੇਮੀ ਨੂੰ ਅੰਮ੍ਰਿਤ ਗੁਰਬਾਣੀ ਪ੍ਰਾਪਤ ਹੁੰਦੀ ਹੈ, ਤਿਵੇਂ ੨ ਹੀ ਪ੍ਰੇਮੀ ਪੂਰਨ ਪ੍ਰੇਮ ਧੰਨਵਾਦ ਅਦਬ ਸਤਿਕਾਰ ਨਮਸਕਾਰ ਸਹਿਤ, ਵਾਹਿਗੁਰੂ ੨ ਰੋਮ ੨ ਕਰਕੇ ਉਚਾਰਦਾ ਹੈ, ਸੱਚੇ ਸਤਿਗੁਰੂ ਸਾਹਿਬ ਨੂੰ ਨਮਸਕਾਰਦਾ ਹੈ। ਸਦਾ ਸਦਾ; ਤੂੰ ਹੈ ਸੁਖਦਾਈ॥ ਨਿਵਿ ਨਿਵਿ ਲਾਗਾ; ਤੇਰੀ ਪਾਈ॥) ਸਰਬ ਸੁਖਾ ਕਾ ਦਾਤਾ ਸਤਿਗੁਰੁ; ਤਾ ਕੀ ਸਰਨੀ ਪਾਈਐ॥ ਪ੍ਰੇਮੀ ਦੇ ਹਿਰਦੇ'ਚੋਂ ਅੰਮ੍ਰਿਤ ਫ਼ੁਆਰੇ ਵਾਂਗ ਉੱਠ ਕੇ, ਮੁਖ'ਚ ਸਦਾ ਹੀ ਆਉਂਦਾ ਰਹਿੰਦਾ ਹੈ, ਪ੍ਰੇਮੀ ਨਾਮੁ ਮਹਾਂ ਰਸ ਅੰਮ੍ਰਿਤ ਪੀ ਕੇ, ਤ੍ਰਿਪਤ ਰਹਿੰਦਾ ਹੈ ਸਾਰੀਆਂ ਆਵਾਜ਼ਾਂ'ਚੋਂ, ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬਜੀ ਦਾ ਜਸ ਸੁਣ ਕੇ, ਸਾਰਿਆਂ ਰੂਪਾਂ ਰੰਗਾਂ ਅੰਦਰ ਆਪਣੇ ਪ੍ਰੀਤਮ ਸੱਚੇ ਸਤਿਗੁਰੂ ਸਾਹਿਬਜੀ ਦੇ ਵਿਸਮਾਦ ਸੁੰਦਰ ਦਰਸ਼ਨ ਕਰਕੇ, ਪ੍ਰੇਮੀ ਵਿਸਮਾਦ ਨਿਹਾਲ ੩ ਹੋ ਜਾਂਦਾ ਹੈ। ਅੰਦਰਿ ਸਚਾ ਨੇਹੁ; ਲਾਇਆ ਪ੍ਰੀਤਮ ਆਪਣੈ॥ ਤਨੁ ਮਨੁ ਹੋਇ ਨਿਹਾਲੁ; ਜਾ ਗੁਰੁ ਦੇਖਾ ਸਾਮ੍ਹਣੇ॥ ਪਰਮਪੂਜਨੀਕ ਸੱਚੇ ਸਤਿਗੁਰਾਂ ਦੇ ਪ੍ਰੇਮੀਜੀ ਦਾ ਮਨ ਅੱਠੇ ਪਹਿਰ, ਸੱਚੇ ਸਤਿਗੁਰੂ ਗ੍ਰੰਥ ਸਾਹਿਬਜੀ ਦੇ ਪਰਮਪਵਿੱਤ੍ਰ ਗੁਰਸ਼ਬਦਾਂ ਰੂਪੀ ਸੁੰਦਰ ਸੋਹਣੇ ਸੱਚੇ ਪਾਕ ਚਰਨ-ਕਮਲਾਂ'ਚ ਲੀਣ ਰਹਿੰਦਾ ਹੈ।

ਸਮਰਥ ਗੁਰੂ.ਸਿਰਿ ਹਥੁ ਧਰਿਅਉ॥ ਅਨੁਸਾਰ ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬਜੀ ਪ੍ਰੇਮੀਜੀ ਦੇ ਸਿਰ'ਤੇ ਸਦਾ ਆਪਣਾ ਗੁਰਸ਼ਬਦ ਰੂਪੀ ਹੱਥ ਧਰ ਕੇ ਐਸੀ ਵਿਸਮਾਦ ਬਖ਼ਸ਼ਿਸ਼ ਕ੍ਰਿਪਾ ਕਰਦੇ ਹਨ। ਪ੍ਰੇਮੀਜੀ ਹਰ ਵੇਲੇ ਹਰ ਗੱਲ ਨਾਲ ਪਰਮਪਵਿੱਤ੍ਰ ਅੰਮ੍ਰਿਤ ਗੁਰਬਾਣੀ, ਗੁਰੂ ਜਸ ਇਤਿਹਾਸ ਵਾਹਿਗੁਰੂ ਵਾਹਿਗੁਰੂ ਹੀ ਗੱਜਦੇ, ਜੈਕਾਰੇ ਹੀ ਜੈਕਾਰੇ ਗੱਜਾਉਂਦੇ ਰਹਿੰਦੇ ਹਨ। ਪ੍ਰੇਮੀ ਦੇ ਹਰ ਸੁਆਸ ਨੂੰ ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬਜੀ ਸਵਾਰਦੇ ਹਨ। ਸੱਚੇ ਸਤਿਗੁਰੂ ਗ੍ਰੰਥ ਸਾਹਿਬਜੀ ਤੋਂ ਬਿਨਾ ਹੋਰ ਕੋਈ ਭੀ ਪਿਆਰਾ ਇਸ਼ਟ ਨਹੀਂ ਜੋ ਆਪਣੇ ਪਿਆਰੇ ਜੀ ਨੂੰ, ਗੁਰੂ ਪ੍ਰੇਮਾ-ਭਗਤੀ ਸਹਿਤ ਨਿਰਗੁਣ ਸਰਗੁਣ ਜੀ ਦੀ ਪੂਰਨ ਏਕਤਾ ਅਤੇ ਤਿਥੈ ਨਾਦ ਬਿਨੋਦ; ਕੋਡ ਅਨੰਦੁ॥ ਉੱਚੀ ਸੇ ਉੱਚੀ ਅਵਸਥਾ ਦਾ ਵਿਸਮਾਦ ਅਨੰਦ ਬਖ਼ਸ਼ੇ। ਅਨੰਦੁ ਭਇਆ ਮੇਰੀ ਮਾਏ; ਸਤਿਗੁਰੂ ਮੈ ਪਾਇਆ॥) ਜਿਸੁ ਮਿਲਿਐ.ਮਨਿ ਹੋਇ ਅਨੰਦੁ; ਸੋ ਸਤਿਗੁਰੁ ਕਹੀਐ॥ ਮਨ ਕੀ ਦੁਬਿਧਾ.ਬਿਨਸਿ ਜਾਇ; ਹਰਿ ਪਰਮਪਦੁ ਲਹੀਐ॥ ਪਰਮਪੂਜਨੀਕ ਸੱਚੇ ਸਤਿਗੁਰੂ ਗ੍ਰੰਥ ਸਾਹਿਬਜੀ, ਅਗਨ ਸਾਗਰ ਸੰਸਾਰ 'ਚ, ਜੀਵਨ ਯਾਤ੍ਰਾ ਕਰ ਰਹੇ, ਪ੍ਰੇਮੀ ਦੇ ਸਿਰ'ਤੇ ਹਰ ਸਮੇਂ ਆਪਣਾ ਪਰਮਪਵਿੱਤ੍ਰ ਹੱਥ ਰੱਖ ਕੇ, ਹਰ ਪ੍ਰਕਾਰ ਦੀ ਗੁਰਮਤਿ ਅਨੁਸਾਰ ਸ਼ੁਭ ਲੋੜ ਪੂਰੀ ਕਰਦੇ ਹਨ। ਇਛਾ ਪੂਰਕੁ ਸਰਬ ਸੁਖਦਾਤਾ ਹਰਿ; ਜਾ ਕੈ ਵਸਿ ਹੈ ਕਾਮਧੇਨਾ॥ ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ; ਤਾ ਸਰਬ ਸੁਖ ਪਾਵਹਿ ਮੇਰੇ ਮਨਾ॥) ਤੁਮ ਗੰਭੀਰ ਧੀਰ ਉਪਕਾਰੀ; ਸਤਿਗੁਰਾਂ ਦੇ ਸੱਚੇ ਚਰਨੀਂ ਲੱਗਣੇ ਕਰਕੇ, ਅਨਹਦ ਜਾਪ ਦੇ ਵਾਜੇ ਵੱਜਦੇ ਹਨ। ਬਿਨਵੰਤਿ ਨਾਨਕੁ.ਗੁਰ ਚਰਣ ਲਾਗੇ; ਵਾਜੇ ਅਨਹਦ ਤੂਰੇ॥

ਪਾਰਬ੍ਰਹਮ ਪਰਮੇਸਰ ਸਤਿਗੁਰ; ਆਪੇ ਕਰਣੈਹਾਰਾ॥ ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬਜੀ ਦੀ ਮਹਿਮਾ ਸਤਿਗੁਰੂ ਸਾਹਿਬਜੀ ਤੋਂ ਹੀ ਹੋ ਸਕਦੀ ਹੈ, ਦਾਸਨ ਦਾਸ ਕੀਟ ਮਹਿਮਾ ਕਰਨੀ ਨਹੀਂ

Sri Satguru Jagjit Singh Ji eLibrary NamdhariElibrary@gmail.com

ਜਾਣਦੇ। ਤੁਮ੍ਰੀ ਉਸਤਤਿ; ਤੁਮ ਤੇ ਹੋਇ॥ ਨਾਨਕ; ਅਵਰੁ ਨ ਜਾਨਸਿ ਕੋਇ॥) ਨਿਰਗੁਣੁ ਸਰਗੁਣੁ; ਆਪੇ ਸੋਈ॥) ਨਿਰਗੁਨੁ ਆਪਿ; ਸਰਗੁਨੁ ਭੀ ਓਹੀ॥ ਕਲਾ ਧਾਰਿ ਜਿਨਿ ਸਗਲੀ ਮੋਹੀ॥ ਅਨੁਸਾਰ ਨਿਰਗੁਨ ਬ੍ਰਹਮਜੀ ਦੇ ਸਰਗੁਨ ਅਵਤਾਰ ਜੀ ਦੇ ਪੂਰਨ ਗੁਰੂ ਅਵਤਾਰ ਪਰਮਪੂਜਨੀਕ ਧੰਨ ਵਾਹਿਗੁਰੂ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬਜੀ! ਗੁਰਸਿਖ ਪ੍ਰੀਤਿ; ਗੁਰੁ ਮਿਲੈ ਗਲਾਟੇ॥ ਜਨ ਨਾਨਕ ਪ੍ਰੀਤਿ; ਸਾਧ ਪਗ ਚਾਟੇ॥) ਸਤਿਗੁਰ; ਚਾਟਉ ਪਗ ਚਾਟ॥ ਅਨੁਸਾਰ ਅਨੰਤ ਜ਼ਬਾਨਾਂ ਨਾਲ ਆਪਜੀ ਦੇ ਸੱਚੇ ਚਰਨ-ਕਮਲ ਚੱਟ ਕੇ, ਨੈਨਹੁ ਸੰਗਿ.ਸੰਤਨ ਕੀ ਸੇਵਾ; ਚਰਨ ਝਾਰੀ ਕੇਸਾਇਓ॥) ਟਹਲ ਕਰਉ.ਤੇਰੇ ਦਾਸ ਕੀ; ਪਗ ਝਾਰਉ ਬਾਲ॥ ਮਸਤਕੁ ਅਪਨਾ ਭੇਟ ਦੇਉ; ਗੁਨ ਸੁਨਉ ਰਸਾਲ॥ ਅਨੁਸਾਰ ਅਸੰਖ ਸਿਰਾਂ ਦੇ ਕੇਸਾਂ ਨਾਲ, ਆਪਜੀ ਦੇ ਚਰਨ ਝਾੜ੍ ਕੇ, ਅਸੰਖ ਡੰਡਉਤ ਬੰਦਨ ਕਰਕੇ, ਮੂੰਹ'ਚ ਘਾਹ ਲੈ ਕੇ, ਆਪਜੀ ਦਾ ਦਾਸਨ ਦਾਸ ਗ਼ਰੀਬ ਨੀਚ ਕੀਟ ਭੁੱਲਾਂ ਦੀ ਮੁਆਫ਼ੀ ਮੰਗਦਾ ਹੈ। ਕਿਉਂ ਜੋ ਆਪਜੀ ਦਾ ਜਸ, ਸਭੈ ਘਟ ਰਾਮੁ ਬੋਲੈ; ਰਾਮਾ ਬੋਲੈ॥ ਰਾਮ ਬਿਨਾ; ਕੋ ਬੋਲੈ ਰੇ॥ ਅਨੁਸਾਰ ਬਹੁਤ ੨ ਹੈ, ਦਾਸ ਦੀ ਇੱਕ ਜ਼ਬਾਨ ਤੋਂ ਨਹੀਂ ਹੋ ਸਕਦਾ। ਜਿਹਬਾ ਏਕ; ਉਸਤਤਿ ਅਨੇਕ॥ ਸਤਿ ਪੁਰਖ; ਪੂਰਨ ਬਿਬੇਕ॥) ਹਮਰੀ ਜਿਹਬਾ ਏਕ ਪ੍ਰਭ; ਹਰਿ ਕੇ ਗੁਣ ਅਗਮ ਅਥਾਹ॥ ਹਮ ਕਿਉ ਕਰਿ ਜਪਹ ਇਆਣਿਆ; ਹਰਿ ਤੁਮ ਵਡ ਅਗਮ ਅਗਾਹ॥ ਗੁਰਪ੍ਰਸਾਦਿ, ਗੁਰੂ ਜਸ ਸੰਪੂਰਨੰ॥ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ! ਵਾਹਿਗੁਰੂਜੀ ਕਾ ਖ਼ਾਲਸਾ ਵਾਹਿਗੁਰੂਜੀ ਕੀ ਫ਼ਤੇਹ!

੮. ਸਤਿਗੁਰੂ ਦਸਵੇਂ ਪਾਤਿਸ਼ਾਹ ਜੀ ਕਿਹਾ ਹੈ, "ਜਿਹੜਾ ਗੁਰਮੁਖਿ ਬ੍ਰਹਮਵਿੱਦਿਆ ਪੜ੍ਹਾਉਂਦਾ ਹੈ, ਅਕਾਲ ਪੁਰਖੁ ਜੀ ਉਸ ਨੂੰ ਜੀਵਨ ਮੁਕਤੀ ਬਖ਼ਸ਼ਦੇ ਹਨ। "ਯਥਾ:-"ਜੋ ਸਤਿਗੁਰ ਕੀ ਬਾਣੀ ਸਿਖਲਾਵੈ। ਜੀਵਨ ਮੁਕਤਿ ਪਦਾਰਥ ਪਾਵੈ। " ਸੰਥਾ ਕਰਾਉਣ ਨਾਲ; ਸਰਬ ਕਲਾ ਸਮਰਥ॥ ਸਤਿਗੁਰੂ ਨਾਨਕ ਦੇਵ ਸਾਹਿਬ ਜੀ ਦੇ ਮਿਸ਼ਨ 'ਚ ਪ੍ਰਚਾਰ ਦਾ ਭਾਰੀ ਵਾਧਾ ਹੁੰਦਾ ਹੈ। ਅਤਿਅੰਤ ਨਿਮ੍ਰਤਾ ਪ੍ਰੇਮ ਹਲੀਮੀ ਨਾਲ ਸੰਥਾ ਕਰਾਉਣੀ, ਬਹੁਤ ਹੀ ਵੱਡਾ ਉੱਤਮ ਗੁਣਾਂ ਸਿਰ ਸ਼੍ਰੋਮਣੀ ਗੁਣ ਹੈ।

੯. ਪਰਮਪੂਜਨੀਕ ਨਾਮ ਰਸੀਏ ਤੱਤ ਬੇਤੇ ਮਹਾਨ ਪਰਉਪਕਾਰੀ ਪੂਰਨ ਬ੍ਰਹਮਗਿਆਨੀ, ਪੂਰਨ ਸੰਤ ਬਾਬਾ ਸੁੰਦਰ ਸਿੰਘ ਸਾਹਿਬ ਜੀ ਖ਼ਾਲਸਾ, ਸੰਤ ਬਾਬਾ ਗੁਰਬਚਨ ਸਿੰਘ ਸਾਹਿਬ ਖ਼ਾਲਸਾ ਜੀ ਦੇ ਮਹਾਂ ਵਿਸਮਾਦ ਅਮੋਲਕ ਬਚਨ:- ਪੂਰਨ ਬ੍ਰਹਮਗਿਆਨੀ, ਪੂਰਨ ਸੰਤ ਬਾਬਾ ਸੁੰਦਰ ਸਿੰਘ ਸਾਹਿਬ ਜੀ ਖ਼ਾਲਸਾ ਭਿੰਡਰਾਂਵਾਲੇ, ਅਤੀਤ ਬਿਰਕਤ ਬ੍ਰਹਮਵਿੱਦਿਆ ਦੇ ਦਾਤੇ ਮਹਾਂਪੁਰਖਾਂ ਨੇ, ਸੰਤ ਬਾਬਾ ਗੁਰਬਚਨ ਸਿੰਘ ਸਾਹਿਬ ਜੀ ਖ਼ਾਲਸਾ ਨੂੰ, ਟਕਸਾਲ ਚਲਾਉਣ ਦੀ, ਸ਼ੁਭ ਸੱਚੀ ਸੇਵਾ ਬਖ਼ਸ਼ਣ ਤੋਂ ਪਹਿਲਾਂ, ਇਹ ਅਮੋਲਕ ਬਚਨ ਕਹੇ:- ਇੱਕ ਕੰਮ ਕਰਨਾ ਹੈ ਕਿ ਸੋ?ਅੱਗੋਂ ਨਿਮ੍ਰਤਾ ਨਾਲ ਦੋਵੇਂ ਹੱਥ ਜੋੜ, ਸਿਰ ਝੁਕਾ ਕੇ ਕਿਹਾ, "ਆਪ ਜੀ ਜੋ ਕਰਾਉ। " ਪਰਮ ਪ੍ਰਸੰਨ ਹੋ ਕੇ ਕਿਹਾ, "੧.ਸਤਿਗੁਰਾਂ ਦਾ ਡੰਡਾ ਸਿਰ 'ਤੇ ਸਮਝ ਕੇ, ਦੋਵੇਂ ਵੇਲੇ ਕਥਾ ਕਰਨੀ। ੨.ਆਪ ਕੁੱਝ ਨਹੀਂ ਬਨਣਾ। ੩.ਪੰਥ ਦੇ ਮਗਰ ਰਹਿ ਕੇ ਨਿੱਗਰ ਸੇਵਾ ਕਰਨੀ। ੪.ਪੰਥ ਦੇ ਆਗੂ ਨਹੀਂ ਬਨਣਾ। ੫.ਬ੍ਰਹਮ-ਵਿੱਦਿਆ ਪੜ੍ਹਾਉਣ ਲੱਗਿਆਂ ਅਧਿਕਾਰ ਨਹੀਂ ਦੇਖਣਾ, ਸਭ ਨੂੰ ਪੜ੍ਹਾਈ ਹੀ ਜਾਣਾ। ਪਰਮ ਪੂਜਨੀਕ ਨਾਮ ਰਸੀਏ ਤੱਤ ਬੇਤੇ ਮਹਾਨ ਪਰਉਪਕਾਰੀ, ਮਹਾਂਪੁਰਸ਼ ਸੰਤ ਬਾਬਾ ਗੁਰਬਚਨ ਸਿੰਘ ਸਾਹਿਬ ਖ਼ਾਲਸਾ ਜੀ ਦੇ ਮਹਾਂ ਵਿਸਮਾਦ ਅਮੋਲਕ ਬਚਨ:- ਗੁਰਮੁਖੀ ਸਿੱਖਣ ਲਈ, ਸੌਖੀ ਗੁਰੂ ਸਾਖੀ ਇਕੱਲਾ ੨ ਅੱਖਰ ਲਗ ਬੁਲਾ ਕੇ, ਰੀਕਾਰਡਿੰਗ ਕੀਤੀ ਜਾਵੇ। ਆਦਿ ਬਾਣੀ ਦਾ ਇਕੱਲਾ ੨ ਅੱਖਰ ਲਗ ਬੁਲਾ ਕੇ ਸੰਥਾ ਕਰਾਈ ਜਾਵੇ। ਸੰਥਾ ਆਰੰਭ 'ਚ ਵਿੱਦਿਆਰਥੀ ਨੂੰ ਪ੍ਰਪੱਕ ਨਿਸਚਾ ਕਰਾਉਣਾ ਕਿ ਗੁਰਬਾਣੀ ਲਗਾਂ ਅੱਖਰ

Sri Satguru Jagjit Singh Ji eLibrary NamdhariElibrary@gmail.com

ਅਰਥ ਵਿਸ਼ਰਾਮ ਜ਼ਬਾਨੀ ਚੇਤੇ ਕਰਕੇ ਧਿਆਨ'ਚ ਟਿਕਾਉਣੇ ਹਨ। ਪੂਰਨ ਪ੍ਰੇਮ ਕਰਕੇ ਹੀ ਪ੍ਰਾਪਤੀ ਹੈ। ਯਥਾ:-ਸਾਚੁ ਕਹੌ.ਸੁਨ ਲੇਹੁ ਸਭੈ; ਜਿਨ ਪ੍ਰੇਮੁ ਕੀਓ.ਤਿਨ ਹੀ ਪ੍ਰਭੁ ਪਾਇਓ॥ ਗੁਰਮੁਖਿ ਪ੍ਰੇਮੀ ਮਿਲ ਕੇ ਪੂਰਨ ਲਗਾਂ ਲਾ ਕੇ, ਇੱਕ ੨ ਗੁਰਸ਼ਬਦ ਪੜ੍ਹਨ ਸੁਣਨ, ਧੰਨ ੩ ਹੋ ਜਾਵੇ। ਬਈ ਕੋਈ ਲਗ ਛੱਡਣੀ ਨਹੀਂ। "ਭਾਈ! ਬ੍ਰਹਮਵਿੱਦਿਆ ਨੌਕਰੀ ਲਈ ਨਹੀਂ ਪੜ੍ਹੀਦੀ। "ਕਿਉਂ ਜੋ ਅੱਗੇ ਬ੍ਰਹਮਵਿੱਦਿਆ ਨਹੀਂ ਪੜ੍ਹਾ ਸਕਦਾ। ਨੌਕਰੀ ਗ਼ੁਲਾਮੀ ਹੈ, ਨਿਰੰਜਨ ਜੀ ਨੂੰ ਕਿਵੇਂ ਪਾਵੇਗਾ? ਜਿਹੜਾ ਪ੍ਰੇਮੀ ਬ੍ਰਹਮਵਿੱਦਿਆ ਪ੍ਰਾਪਤ ਕਰਕੇ, ਗ੍ਰੀਬੀ ਨਾਲ ਅੱਗੇ ਵੰਡਦਾ ਹੈ, ਉਹ ਮਹਾਂਪੁਰਖ ਬਣ ਜਾਂਦਾ ਹੈ, ਕਿਉਂਕਿ ਬ੍ਰਹਮਵਿੱਦਿਆ ਦਾ ਦਾਨ ਸਭ ਤੋਂ ਵੱਡਾ ਦਾਨ ਹੈ। ਜਿਵੇਂ ਬਾਬਾ ਬੁੱਢਾ ਸਾਹਿਬ ਜੀ, ਭਾਈ ਗੁਰਦਾਸ ਸਾਹਿਬ ਜੀ, ਸ਼ਹੀਦ ਭਾਈ ਮਨੀ ਸਿੰਘ ਸਾਹਿਬ ਜੀ, ਸ਼ਹੀਦ ਬਾਬਾ ਦੀਪ ਸਿੰਘ ਸਾਹਿਬ ਜੀ, ਸੰਤ ਬਾਬਾ ਸੁੰਦਰ ਸਿੰਘ ਸਾਹਿਬ ਜੀ ਆਦਿ ਹੋਰ ਭੀ ਬੇਅੰਤ ਮਹਾਂਪੁਰਸ਼ ਬ੍ਰਹਮਵਿੱਦਿਆ ਦਾ ਦਾਨ ਦੇ ਕੇ ਸਦਾ ਅਮਰ ਪ੍ਰਸਿੱਧ ਹਨ, ਉਨ੍ਹਾਂ ਨੂੰ ਰੋਮ ੨ ਕਰਕੇ ਸਦਾ ੨ ਨਮਸਕਾਰ ਹੈ। ਧੰਨ ਹਨ ਧੰਨ ਹਨ ਧੰਨ ਹਨ ਵਾਹਿਗੁਰੂ ਸਤਿਗੁਰੂ ਗ੍ਰੰਥ ਸਾਹਿਬ ਜੀ ਧੰਨ ਹਨ। ਮਹਾਂ ਵਿਸਮਾਦ ਅਮੋਲਕ ਬਚਨ:- "ਜਿਹੜਾ ਪੜ੍ਹੇ ਉਹ ਪੜ੍ਹਾਉਂਦਾ ਹੈ, ਜਿਹੜਾ ਪੜ੍ਹਾਵੇ ਉਹ ਪੜ੍ਹਦਾ ਹੈ। "ਜਦੋਂ ਆਪ ਜੀ ਸੰਥਾ ਕਰਾਵੋਂਗੇ, ਤਦੋਂ ਇਸ ਗੱਲ ਦਾ ਚੰਗੀ ਤਰ੍ਹਾਂ ਪਤਾ ਲੱਗੇਗਾ, ਕਿ ਇਹ ਬਿਲਕੁਲ ਹੀ ਸਹੀ ਸਚਾਈ ਹੈ। ਬ੍ਰਹਮਵਿੱਦਿਆ ਪੜ੍ਹਾਉਂਦਿਆਂ ੨ ਯੋਗਤਾ ਵਧਦੀ ਹੈ। ਇਸ ਦਾ ਭਾਵ ਇਹ ਹੈ, ਜਿਹੜੀ ਵਿੱਦਿਆ ਪੜ੍ਹਾਉਣੀ ਹੋਵੇ, ਉਸ ਦਾ ਪਹਿਲਾਂ ਆਪ ਅਭਿਆਸ ਕਰਨਾ ਪੈਂਦਾ ਹੈ, ਫਿਰ ਵਿੱਦਿਆਰਥੀ ਨੂੰ ਪੜ੍ਹਾਉਣ ਸਮੇਂ ਹੁੰਦਾ ਹੈ। ਇਉਂ ਪੜ੍ਹਨੇ ਪੜ੍ਹਾਉਣੇ ਕਰਕੇ ਵਿੱਦਿਆ ਦਾ ਅਭਿਆਸ ਵਧਦਾ ਹੈ। ਬ੍ਰਹਮਵਿੱਦਿਆ ਦਾ ਦਾਨ ਬਹੁਤ ਹੀ ਵੱਡਾ ਹੈ, ਇਹ ਅਮਰ ਫ਼ਲ ਹੈ। ਇਸ ਫ਼ਲ ਨੂੰ ਖਾ ਕੇ ਜ਼ਿੰਦਗੀ ਅਮਰ ਹੁੰਦੀ ਹੈ। ਇਸ ਲਈ ਪੜ੍ਹਾਉਣ ਵਾਲਾ ਹਰ ਵੇਲੇ ਅਮਰ ਫ਼ਲ ਛਕਦਾ, ਸੰਥਾ ਕਰਾ ਕੇ ਛਕਾਉਂਦਾ ਰਹਿੰਦਾ ਹੈ। ਮੁਹਾਰਨੀ ਭਜਨ ਹੈ। ਦਾਸਨ ਦਾਸ ਨੀਚ ਕੀਟ ਨੂੰ, ਪੂਰਨ ਗੁਰੂ ਜੀ ਨੇ ਸੁਪਨੇ 'ਚ ਇਹ ਜਣਾਇਆ, ਕਿ ਹਰ ਘਰ 'ਚ, ਸਤਿਗੁਰੂ ਸਾਹਿਬ ਜੀ ਦੇ ਫ਼ੋਟੋ ਹੀ ਫ਼ੋਟੋ ਹੋਣ, ਉਨ੍ਹਾਂ 'ਤੇ ਗੁਰੂ ਜਸ ਲਿਖਿਆ ਹੋਵੇ, ਸਤਿਗੁਰੂ ਸਾਹਿਬ ਜੀ ਦੇ ਅਮੋਲਕ ਬੋਲੇ, ਅਮੋਲਕ ਦੋ ਦੋ ਤੁਕਾਂ, ਸੰਪੂਰਨ ਗੁਰਸਬਦ ਲਿਖੇ ਹੋਣ, ਘਰ ਵਾਲੇ ਸਾਰੇ, ਮੁਹਾਰਨੀ 'ਚ ਖ਼ੂਬ ਮਾਹਰ ਹੋਣ। ਪਰਮ-ਪਿਆਰੇ ਬੱਚੇ ਨੂੰ ਤੋਤਲੀ ਜ਼ਬਾਨ ਤੋਂ ਇੱਕਲੀ ੨ ਲਗ ਬੋਲ ਕੇ, ਸ਼ੁੱਧ ਉਚਾਰਣ ਕਰਕੇ, ਅਪਨੇ ਮਗਰ ਕਹਾ ੨ ਕੇ, ਮਿੱਠਾ ਤੋਤਾ ਬਣਾ ਦੇਣ। ਨਿੱਕੇ ਤੋਂ ਗੁਰਸਬਦ ਸੁਣ ਕੇ, ਪਰਮ ਪ੍ਰਸੰਨ ਹੋਣ। ਪਰਮ ਪਿਆਰੇ ਬੱਚੇ ਨੂੰ ਪਾਲਣ ਵਾਲੇ, ਜਿਹੜੀ ਚੀਜ਼ ਦੇਖਣ, ਉਸ ਦੀ ਇਕੱਲੀ ੨ ਲਗ ਬੋਲ ਕੇ, ਮਗਰ ਕਹਾਉਣ, ਜਿਵੇਂ ਪਾਣੀ, ਰੋਟੀ ਗਲਾਸ ਆਦਿ, ਇਉਂ ਇੱਕਲੀ ੨ ਲਗ ਬੁਲਾਉਣ ਨਾਲ ਬੱਚਾ ਛੇਤੀ ਪੜ੍ ਜਾਵੇਗਾ। ਸੋ ਅਪਨੇ ਪਿਆਰੇ ਬੱਚੇ ਨੂੰ ਗੁਰ ਸਾਖੀਆਂ, ਗੁਰਬਾਣੀ ਨਿਰੰਕਾਰ ਜੀ ਦੇ ਅਰਥ ਆਪ ਪੜ੍ਹਾਉ ਤੇ ਸੁਣੋ, ਉੱਚਾ ਚਾਲਚਲਣ ਉੱਚੀ ਪਤਿ ਵਾਲਾ ਗੁਰਮੁਖਿ ਬਣਾਉ। ਨਾਮ ਰਸੀਏ ਤੱਤ ਬੇਤੇ ਮਹਾਨ ਪਰਉਪਕਾਰੀ, ਮਹਾਂਪੁਰਸ਼ ਸੰਤ ਬਾਬਾ ਗੁਰਬਚਨ ਸਿੰਘ ਸਾਹਿਬ ਖ਼ਾਲਸਾ ਜੀ ਦਾ ਅਮੋਲਕ ਬਚਨ ਹੈ, "ਜਿਹੜਾ ਵਿੱਦਿਆ ਪੜ੍ ਕੇ ਅੱਗੇ ਨਹੀਂ ਪੜ੍ਹਾਉਂਦਾ, ਉਹ ਕੱਛੂ ਬਣਦਾ ਹੈ। "ਗੁਰਮੁਖਿ ਪਿਆਰੇ ਨਾਮੁ ਬਾਣੀ ਦੇ ਰਸੀਏ ਰਾਗੀ ਭਾਈ ਸੋਹਣ ਸਿੰਘ ਜੀ, ਬੱਚਿਆਂ ਨੂੰ ਇਸ ਲਈ ਰਾਗ ਵਿੱਦਿਆ ਦਿੰਦੇ ਹਨ ਕਿ ਸੰਤਾਂ ਮਹਾਂਪੁਰਖਾਂ ਦੇ ਕਹੇ ਅਨੁਸਾਰ ਕੱਛੂ ਨ ਬਣਨਾ ਪਵੇ।

Sri Satguru Jagjit Singh Ji eLibrary NamdhariElibrary@gmail.com

੧੦. ਛਾਪੇ ਅਨੁਸਾਰ ਸੁੰਦਰ ਲਿਖਣ ਦਾ ਸੁਖੱਲਾ ਢੰਗ ਅਤੇ ਮੁਹਾਰਨੀ ਪਕਾਉਣ ਬੋਲਣ ਬਾਰੇ ਪ੍ਰੇਮ ਬੇਨਤੀ:- :- ਪਰਮ ਸਤਿਕਾਰ ਯੋਗ ਟੀਚਰਜੀ ਪੂਰਨ ਮੇਹਰਵਾਨ ਉੱਦਮੀ ਤਰਸਵਾਨ ਸਾਵਧਾਨ ਹੋਣ। ਹਰੇਕ ਵਿਦਿਆਲੇ'ਚ ਇਕੱਲਾ ੨ ਅੱਖਰ ਲਗ ਮੂਹਰੇ ਬੋਲ ਕੇ ਵਿੱਦਿਆਰਥੀ ਨੂੰ ਮਗਰ ਬੁਲਾ ਕੇ, ਪ੍ਰੇਮ ਸਹਿਤ ਪੜ੍ਹਾਇਆ ਜਾਵੇ। ਇਕੱਲਾ ੨ ਅੱਖਰ ਲਗ ਬਾਰ ੨ ਸੁਣਿਆਂ ਜਾਵੇ। ਇਹ ਬਹੁਤ ਹੀ ਜ਼ਰੂਰੀ ਹੈ। ਬੱਚੇ ਨੂੰ ਅੱਖਰ ਲਗਾਂ ਬਾਰੇ ਪੂਰੀ ੨ ਜਾਣਕਾਰੀ ਦੇਵੋ। ਸੁੰਦਰ ਲਿਖਣਾ ਅਤੀ ਹੀ ਜ਼ਰੂਰੀ ਹੈ, ਕਿਉਂ ਜੋ ਸੁੰਦਰ ਲਿਖਣ ਸਮੇਂ ਦਿਲ ਦਿਮਾਗ ਨੇੜ੍ਹ ਸੁਰਤੀ ਗੁਰਬਾਣੀ ਗੁਰੂਜੀ ਨੂੰ ਪੂਰਨ ਗਹੁ ਨਾਲ ਤੱਕਦੇ ਹਨ, ਹੱਥ ਗੁਰਸਬਦ ਲਿਖ ਕੇ ਪਵਿੱਤ੍ਰ ਹੁੰਦੇ ਹਨ। ਸੇ ਕਰ ਭਲੇ; ਜਿਨੀ ਹਰਿ ਜਸੁ ਲੇਖਾ॥) ਹਰਿ ਜਸੁ ਲਿਖਹਿ.ਲਾਇ ਭਾਵਨੀ; ਸੇ ਹਸਤ ਪਵਿਤਾ॥) ਹਰਿ ਪੜੁ ਹਰਿ ਲਿਖੁ, ਹਰਿ ਜਪਿ. ਹਰਿ ਗਾਉ; ਹਰਿ. ਭਉਜਲੁ ਪਾਰਿ ਉਤਾਰੀ॥) ਲਿਖੁ ਨਾਮੁ ਸਾਲਾਹ ਲਿਖੁ; ਲਿਖੁ.ਅੰਤੁ ਨ ਪਾਰਾਵਾਰੁ॥ ਸੁੰਦਰ ਲਿਖਾਈ ਤੋਂ ਬਿਨਾ ਸੰਥਾ ਅਧੂਰੀ ਹੈ। ਅਤਿਅੰਤ ਅਮੋਲਕ ਅਲੌਕਿਕ ਵਿਸਮਾਦ ਗੁਣਕਾਰੀ ਉਪਕਾਰੀ ਖ਼ਾਸ ਧਿਆਨ ਦੇ ਕੇ ਸੁਣਨ ਯੋਗ ਪ੍ਰੇਮ ਬੇਨਤੀ ਹੈ, ਜੋ ਹਰੇਕ ਬੱਚੇ ਨੂੰ ਛੋਟੀ ਉਮਰ'ਚ ਟੀਚਰ, ਮਾਪੇ ਸੁੰਦਰ ਲਿਖਾਈ ਪ੍ਰਪੱਕ ਕਰਾਉਣ, ਜਿਸ ਕਰਕੇ ਛੋਟੀ ਉਮਰ ਤੋਂ ਹੀ ਅਤਿੰਅਤ ਸੁੰਦਰ ਸੋਹਣੀ ਲਿਖਾਈ ਬਣੇ। ਲੱਖਾਂ'ਚ ਕੋਈ ਵਿਰਲਾ ਹੀ ਪ੍ਰੇਮੀ ਇਸ ਬੇਨਤੀ ਨੂੰ ਜਾਣਦਾ ਹੋਵੇਗਾ ਕਿ ਲਿਖਾਈ ਛਾਪੇ ਅਨੁਸਾਰ ਚਾਹੀਦੀ ਹੈ। ਕੋਈ ਵਿਰਲਾ ਪ੍ਰੇਮੀ ਛੱਡ ਕੇ, ਸਭ ਦੀ ਲਿਖਾਈ ਛਾਪੇ ਅਨੁਸਾਰ ਨਹੀਂ ਹੁੰਦੀ। ਜਿਵੇਂ ਰਫ਼ਤਾਰ ਦਸਤਾਰ, ਗੁਫ਼ਤਾਰ ਬੋਲਣ ਦਾ ਢੰਗ ਵੱਖ ੨ ਹੁੰਦਾ ਹੈ, ਇਸ ਤਰ੍ਹਾਂ ਸਭ ਦੀ ਲਿਖਾਈ ਭੀ ਵੱਖ ੨ ਹੀ ਹੁੰਦੀ ਹੈ। ਜੇ ਛਾਪੇ ਅਨੁਸਾਰ ਲਿਖਿਆ ਹੋਵੇ ਤਾਂ ਸਭ ਦੀ ਲਿਖਾਈ ਮਿਲਦੀ ਜੁਲਦੀ ਬਹੁਤ ਹੀ ਸੁੰਦਰ ਹੋਵੇ। ਵਿੱਦਿਆਰਥੀ ਦੀ ਕਲਮ ਫੜ੍ ਕੇ ਸੁਲੇਖ ਅਨੁਸਾਰ ਸਿੱਧੀ ਕਲਮ ਚਲਾਉਣ ਦਾ ਢੰਗ ਦੱਸੋ। ਨਿੱਕੇ ਬੱਚੇ ਨੂੰ ਅੱਖਰ ਲਿਖਣੇ ਸਿਖਾਉਣ ਤੋਂ ਪਹਿਲਾਂ ਲਕੀਰਾਂ ਵਾਲੀ ਕਾਪੀ'ਤੇ ਖੱਬੇ ਤੋਂ ਸੱਜੇ ਨੂੰ ਸਿੱਧੀ ਲਕੀਰ ਖਿੱਚਣ ਦੀ ਮੇਹਨਤ ਕਰਵਾ ਕੇ, ਹੁਸ਼ਿਆਰ ਬਣਾਇਆ ਜਾਵੇ। ਅੱਖਰ ਦੇ ਆਰੰਭ ਦੀ ਲਕੀਰ ਜੋ ਖੱਬਿਉਂ ਸੱਜੇ ਨੂੰ ਖਿੱਚੀਦੀ ਹੈ, ਉਹ ਬਿਲਕੁਲ ਸਿੱਧੀ ਖਿੱਚਣੀ, ਜੋ ਅੱਖਰ ਦੀ ਬੁਨਿਆਦ ਹੈ। ਜੇ ਇਹ ਲਕੀਰ ਵਿੰਗੀ ਹੋ ਗਈ, ਅੱਖਰ ਸੁੰਦਰ ਨਹੀਂ ਬਣੇਗਾ। ਇਸ ਲਕੀਰ ਤੋਂ ਹੇਠਾਂ ਨੂੰ ਲਕੀਰ, ਨੱਬੇ ਦਾ ਕੋਣ ਬਣਾ ਕੇ ਭਾਵ ਸਿੱਧੀ ਖਿੱਚਣੀ। ਛਾਪੇ ਦੇ ਅੱਖਰਾਂ ਅਨੁਸਾਰ ਅੱਖਰ ਲਿਖਣੇ ਚਾਹੀਦੇ ਹਨ। ਕੁੱਝ ਅੱਖਰਾਂ ਦੀਆਂ ਹੇਠਲੀਆਂ ਲਕੀਰਾਂ ਉੱਪਰਲੀ ਲਕੀਰ ਦੇ (ਪੈਰਲਲ) ਸਮਾਨਅੰਤਰ ਭਾਵ ਰੇਲ ਦੀ ਲਾਈਨ ਵਾਂਗ ਹੁੰਦੀਆਂ ਹਨ, ਜਿਵੇਂ ਸ ਜ ਦ ਚ ਆਦਿ। ਕੁੱਝ ਅੱਖਰ ਸੁਤੰਤ੍ਰ ਢੰਗ ਨਾਲ ਲਿਖੀਦੇ ਹਨ, ਜਿਵੇਂ ਲ ਵ ਘ ਆਦਿ। ਬਿਲਕੁਲ ਅਣਜਾਣ ਵਿੱਦਿਆਰਥੀ ਨੂੰ ਧਰਤੀ ਖੋਦ ਕੇ ਅੱਖਰ ਉੱਕਰ ਦੇਣੇ, ਜਾਂ ਚੰਗੀ ਧਾਤ'ਚ ਅੱਖਰ ਉੱਕਰੇ ਜਾਣ, ਜਿਨ੍ਹਾਂ'ਚ ਉਂਗਲ ਫੇਰੀ ਜਾ ਸਕੇ। ਉਸ ਦੇ ਸੱਜੇ ਹੱਥ ਦੇ ਅੰਗੂਠੇ ਦੇ ਨਾਲ ਦੀ ਉਂਗਲੀ ਫੜ ਕੇ ਉੱਕਰੇ ਅੱਖਰਾਂ'ਚ ਇਸ ਤਰ੍ਹਾਂ ਫੇਰਨੀ, ਜਿਵੇਂ ਸਿੱਧਾ ਅੱਖਰ ਲਿਖੀਦਾ ਹੈ। ਅਣਜਾਣ ਹੇਠਾਂ ਤੋਂ ਉੱਪਰ ਨੂੰ ਪੁੱਠੀ ਕਲਮ ਵਗਾਉਂਦੇ ਹਨ। ਜਿਸ ਕਰਕੇ ਕਲਮ ਕਾਗਜ਼ 'ਚ ਖੁੱਭ ਜਾਂਦੀ ਹੈ। ਜਿਹੜਾ ਅੱਖਰ ਲਿਖਣਾ ਹੋਵੇ, ਲਿਖਣ ਵਾਲਾ ਉਸ ਅੱਖਰ ਦੇ ਸਾਹਮਣੇ, ਨੱਕ ਦੀ ਸੇਧ ਜੋੜਾ ਲਾਹ ਕੇ, ਸਤਿਕਾਰ ਸਹਿਤ ਬੈਠੇ। ਜਿਸ ਤਰ੍ਹਾਂ ਛਾਪੇ ਦੇ ਅੱਖਰ ਹੁੰਦੇ ਹਨ, ਬਿਲਕੁਲ ਉਸੇ ਤਰ੍ਹਾਂ ਹੀ ਸੋਹਣਾ ਸੁੰਦਰ ਲਿਖਣਾ। ਊੜੇ ਦੀ ਉਤਲੀ ਲਕੀਰ ਵੱਡੀ, ਉਸ ਤੋਂ ਹੇਠਲੀ ਛੋਟੀ ਤੇ ਹੇਠਾਂ ਤੋਂ ਗੋਲ਼ ਕਰਕੇ, ਖੱਬੇ ਨੂੰ ਉੱਪਰ ਲਿਜਾ ਕੇ ਗੋਲ਼ ਕਰਨੀ। ਡੱਡੇ ਦੀ ਹੇਠਲੀ ਘੁੰਡੀ ਗੋਲ਼ ਨਹੀਂ ਹੁੰਦੀ, ਜਿਸ ਤਰ੍ਹਾਂ ਛਾਪੇ'ਚ ਹੈ,

Sri Satguru Jagjit Singh Ji eLibrary NamdhariElibrary@gmail.com

ਉਸੇ ਤਰ੍ਹਾਂ ਹੀ ਲਿਖਣੀ ਹੈ। ਘੱਘੇ ਦਾ ਸੱਜਾ ਖਾਨਾ ਹੇਠਾਂ ਨੂੰ ਹੈ, ਉਸ'ਚ ਥੋੜੀ ਜਗ੍ਹਾ ਜ਼ਿਆਦਾ ਹੈ ਖੱਬੇ ਖਾਨੇ ਨਾਲੋਂ। ਅ ਸ ਚ ਜ ਢ ਦ ਮ ਆਦਿ ਅੱਖਰਾਂ ਦੀਆਂ ਘੁੰਡੀਆਂ'ਚ ਖਾਲੀ ਜਗ੍ਹਾ ਨਹੀਂ ਛੱਡਣੀ। ਜਿਸ ਤਰ੍ਹਾਂ ਥੱਥੇ, ਬੱਬੇ'ਚ ਫ਼ਰਕ ਹੈ, ਇਹ ਭੀ ਨਿਰਨਾ ਦੇ ਦੇਣਾ। ਕਈ ਬੱਬੇ ਨੂੰ ਥੱਥਾ ਹੀ ਲਿਖਦੇ ਹਨ। ਖੁਸ਼ਖੱਤ ਲਿਖਣ ਲੱਗਿਆਂ ਲੱਲਾ ਛਾਪੇ ਅਨੁਸਾਰ ਲਿਖਣਾ। ਵਾਵਾ ਲਿਖਣ ਲੱਗਿਆਂ ਲਕੀਰ ਦੇ ਸੱਜੇ ਸਿਰੇ ਤੋਂ ਹੇਠਾਂ ਨੂੰ ਸਿੱਧੀ ਥੋੜੀ ਹੀ ਖਿੱਚਣੀ, ਖੱਬੇ ਨੂੰ ਨਾਲ ੨ ਦੀ ਮੋੜਨੀ। ਉਤਲੀਆਂ ਦੋਹਾਂ ਲਕੀਰਾਂ ਦੀ ਜਗ੍ਹਾ ਬਿਲਕੁਲ ਘੱਟ, ਛਾਪੇ ਅਨੁਸਾਰ ਹੋਵੇ। ਜਦੋਂ ਅਸੀਂ ਵਾਵੇ ਦੀ ਲਕੀਰ ਹੇਠਾਂ ਨੂੰ ਵੱਡੀ ਕੱਢਾਂਗੇ, ਤਾਂ ਸੋਹਣਾ ਨਹੀਂ ਲੱਗੇਗਾ। ਜਿਵੇਂ ਅਸੀਂ ਛਾਪੇ ਦੇ ਅੱਖਰ ਤੱਕਦੇ ਹਾਂ, ਉਸ ਨੂੰ ਗਹੁ ਨਾਲ ਤੱਕ ਕੇ ਛਾਪੇ ਦੇ ਅੱਖਰ ਦੇ ਉੱਪਰ ਬਿਨਾ ਸਿਆਹੀ ਦੇ ਬਿਲਕੁਲ ਪੋਲੀ ੨ ਕਲਮ ਫੇਰਨੀ ਹੈ, ਫਿਰ ਅੱਖਰ ਦਾ ਦਿਮਾਗ਼'ਚ ਫੋਟੋ ਖਿੱਚ ਲੈਣਾ। ਖੁਸ਼ਖੱਤ ਲਿਖਣ ਦਾ ਅਭਿਆਸ ਕਰਨਾ ਹੋਵੇ, ਤਾਂ ਇੱਕੋ ਅੱਖਰ ਨੂੰ ਕਤਾਰਾਂ'ਚ ਬਹੁਗਿਣਤੀ'ਚ ਲਿਖੋ। ਇੱਕ ਸੇਧ'ਚ ਅੱਖਰ ਇੱਕੋ ਜਹੇ ਲਿਖਣੇ। ਪਹਿਲੇ ਅੱਖਰ ਨੂੰ ਦੇਖ ਕੇ ਦੂਜਾ ਅੱਖਰ ਲਿਖਣਾ, ਪਹਿਲੇ ਦੋ ਦੇਖ ਕੇ ਤੀਜਾ ਅੱਖਰ ਲਿਖਣਾ। ਜਿਵੇਂ ਗੋਲ਼ੀ ਦਾ ਨਿਸ਼ਾਨਾ ਲਾਉਣ ਸਮੇਂ ਸੁਆਸ ਰੋਕੀਦਾ ਹੈ, ਇਸ ਤਰ੍ਹਾਂ ਖੁਸ਼ਖੱਤ ਲਿਖਣ ਸਮੇਂ ਸੁਆਸ ਰੋਕ ਕੇ ਲਿਖਣਾ। ਖੁਸ਼ਖੱਤ ਲਿਖਣ ਸਮੇਂ ਖੱਬਾ ਗੋਡਾ ਧਰਤੀ'ਤੇ ਰੱਖ ਕੇ, ਸੱਜਾ ਗੋਡਾ ਖੜ੍ਹਾ ਕਰਕੇ, ਬੀਰ ਆਸਣ ਬੈਠ ਕੇ, ਜਿਹੜੀ ਚੀਜ਼'ਤੇ ਲਿਖਣਾ ਹੋਵੇ, ਉਹ ਸੱਜੇ ਗੋਡੇ'ਤੇ ਰੱਖਣੀ। ਜਿਹੜਾ ਅੱਖਰ ਲਿਖਣਾ ਹੋਵੇ, ਉਹ ਨੱਕ ਦੀ ਸੇਧ'ਚ ਹੋਵੇ। ਆਮ ਤੌਰ'ਤੇ ਅੱਖਰ ਖੁਸ਼ਖੱਤ ਲਿਖਣ ਵਾਲੇ ਭਾਵੇਂ ਜੋਰ ਲਾ ਕੇ ਲਿਖਣ, ਤਾਂ ਭੀ ਇਹ ਸੁੰਦਰ ਨਹੀਂ ਹੋ ਸਕਦੇ, ਕਿਉਂਕਿ ਉਨ੍ਹਾਂ ਨੇ ਦਿਮਾਗ਼'ਚ ਅੱਖਰ ਨੋਟ ਨਹੀਂ ਕੀਤੇ ਹੁੰਦੇ। ਇਹ ਅੱਖਰ ਬ੍ਰਹਮ ਰੂਪ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਸਾਹਿਬਜੀ ਨੇ ਆਪ ਘੜੇ ਹਨ, ਇਸ ਲਈਸਾਰੇ ਜਾਪ ਰੂਪ ਹੀ ਹਨ। ਜੇਕਰ ਅੱਖਰ ਲਿਖਣ ਤੋਂ ਪਹਿਲਾਂ ਅੱਖਰ ਧਿਆਨ'ਚ ਆ ਜਾਵੇ, ਤਾਂ ਉਹ ਅੱਖਰ ਖੁਸ਼ਖੱਤ ਵਧੀਆ ਹੋਵੇਗਾ। ਆਮ ਤੌਰ'ਤੇ ਕਈਆਂ ਨੂੰ ਬੋਲਣ'ਚ ਭੁਲੇਖਾ ਪੈ ਜਾਂਦਾ ਹੈ। ਨੰਨਾ, ਣਾਣਾ.ਛੰਛਾ, ਵੰਵਾ, ਇਹ ਨਿਰਨੇ ਸਹਿਤ ਚੇਤੇ ਕਰਨੇ। ਕਈ (ਝ) ਲਕੀਰ ਖਿੱਚ ਕੇ ਕਾਟੇ ਜਿਹੇ ਮਾਰ ਕੇ ਅਧੂਰਾ ਹੀ ਲਿਖਦੇ ਹਨ, ਛਾਪੇ ਅਨੁਸਾਰ ਠੀਕ ਸੁੰਦਰ ਲਿਖਣਾ ਚਾਹੀਦਾ ਹੈ। ਗ਼ਰੀਬ ਦਾਸਨ ਦਾਸਾਂ ਨੇ ਗੁਰਬਾਣੀਜੀ ਦੇ ਅੱਖਰਾਂ ਨੂੰ ਆਪਣੇ ਦਿਲ ਸੁਰਤ, ਰੋਮ ੨'ਚ ਤੱਕਣਾ ਹੈ। ਯ ਆਦਿ ਔਖੇ ਅੱਖਰ ਜ਼ਿਆਦਾ ਵਾਰੀ ਲਿਖ ਕੇ, ਅਭਿਆਸ ਕਰਾਉਣਾ। ਚੁਣ ੨ ਕੇ ਸੁੰਦਰ ਸ਼ਬਦ ਲਿਖੇ ਜਾਣ, ਜਿਨ੍ਹਾਂ ਨੂੰ ਰੀਝ ਸਤਿਕਾਰ ਨਾਲ ਲਿਮੀਨੇਸ਼ਨ ਕਰਕੇ ਸ਼ੀਸ਼ਿਆਂ'ਚ ਸੰਭਾਲ਼ਿਆ ਜਾਵੇ, ਜਿਸ ਕਰਕੇ ਆਉਣ ਵਾਲੀਆਂ ਪੀੜ੍ਹੀਆਂ ਦੇਖ ਕੇ, ਲਿਖਣ ਦਾ ਚਾਅ ਕਰਨ। ਪਹਿਲਾਂ ਛਾਪੇ ਨਹੀਂ ਸਨ, ਬਜ਼ੁਰਗ ਸਤਿਗੁਰੂ ਗ੍ਰੰਥ ਸਾਹਿਬਜੀ ਦੇ ਸਰੂਪ ਤੇ ਪੋਥੀਆਂ ਹੱਥੀਂ ਲਿਖਦੇ ਸਨ, ਕੁੱਝ ਤਾਂ ਹਨ, ਪਰ ਕੁਝ ਬੇਸੰਭਾਲ ਦੇ ਕਾਰਨ ਅਲੋਪ ਹੋ ਗਈਆਂ ਹਨ। ਅੱਖਰ ਲਿਖਣ ਲੱਗਿਆਂ ਕਲਮ ਕਿਵੇਂ ਵਗਾਉਣੀ ਹੈ?ਇਹ ਸੁਲੇਖ ਪੋਥੀ ਤੋਂ ਦੇਖ ਕੇ, ਮਿਹਨਤ ਕਰੋ। ਪੜ੍ਹਾਉਣ ਵਾਲਾ ਛਾਪੇ ਨਾਲ ਮਿਲਾ ਕੇ ਸੋਹਣੇ ਤੋਂ ਸੋਹਣੇ ਸਾਫ਼ ਅੱਖਰ ਵਿੱਦਿਆਰਥੀ ਨੂੰ ਲਿਖ ਕੇ ਦੇਵੇ। ਉਸਤਾਦ ਬਲੈਕ ਬੋਰਡ'ਤੇ ਇੱਕ ੨ ਅੱਖਰ ਛਾਪੇ ਅਨੁਸਾਰ ਲਿਖ ਕੇ, ਬੱਚਿਆਂ ਨੂੰ ਕਹੇ ਕਿ ਤੁਸੀਂ ਇਸੇ ਅੱਖਰ ਨੂੰ ਖੁਸ਼ਖੱਤ ਪੰਜਾਹ ਜਾਂ ਸੌ ਵਾਰੀ ਲਿਖੋ। ਬੁਹਤੇ ਵਾਰੀ ਲਿਖ ਕੇ ਅੱਖਰ ਦੀ ਜਾਂਚ ਕਰੀ ਕਰਾਈ ਜਾਵੇ। ਭੁੰਵੇ ਅੱਖਰ ਲਿਖਾਉਣ ਸਮੇਂ ਲਿਖੇ ਅੱਖਰਾਂ ਨੂੰ ਚੰਗੀ ਤਰ੍ਹਾਂ ਮੇਟੋ, ਉਨ੍ਹਾਂ ਉੱਤੋਂ ਨਹੀਂ ਲੰਘਣਾ। ਸਿਆਹੀ ਤੇ ਲਿਖੇ ਅੱਖਰਾਂ'ਤੇ ਫੂਕ ਨਹੀਂ ਮਾਰਨੀ। ਸਲੇਟ ਜਾਂ ਫੱਟੀ ਉਪਰ ਇੱਕ ਲਾਈਨ ਛਾਪੀ ਹੋਵੇ। ਫਿਰ ਇੱਕ ਛਾਪੀ ਨੂੰ ਦੇਖ ਕੇ ਹੇਠਾਂ ਖਾਲੀ

Sri Satguru Jagjit Singh Ji eLibrary NamdhariElibrary@gmail.com

ਲਾਈਨ'ਚ ਲਿਖੇ। ਜਿਸ ਅੱਖਰ ਦੇ ਉੱਪਰ ਲਿਖਣਾ ਹੋਵੇ, ਉਹ (ਬਿੰਦੀਆਂ) ਟਿੱਕਣਿਆਂ ਨਾਲ ਭੀ ਲਿਖਿਆ ਜਾਵੇ, ਜਾਂ ਸੁਲੇਖ'ਤੇ ਲਿਖਿਆ ਹੁੰਦਾ ਹੈ। ਟੀਚਰ.ਛਪੇ ਅੱਖਰਾਂ'ਤੇ, ਸ਼ਾਹੀ ਬਿਨਾ ਪਿੰਨ ਪੋਲਾ ੨ ਫਿਰਾਵੇ, ਅੱਖਰਾਂ ਨੂੰ ਦਿਮਾਗ਼'ਚ ਨੋਟ ਕਰਾ ਦੇਵੇ। ਗੁਰਬਾਣੀ ਦੇ ਅੱਖਰਾਂ'ਤੇ ਪਿੰਨ ਨਹੀਂ ਫੇਰਨਾ।

੧੧. ਮੁਹਾਰਨੀ ਪਕਾਉਣ ਬੋਲਣ ਬਾਰੇ ਪ੍ਰੇਮ ਬੇਨਤੀ:- ਦਾਸਨ ਦਾਸਾਂ ਪਾਸ ਮੁਹਾਰਨੀ ਪਕਾਉਣ ਗੁਰਮੁਖੀ ਸਿੱਖਣ ਵਾਲੀ ਟੇਪ ਹੈ, ਸਤਿਗੁਰੂ ਸਾਹਿਬ ਜੀ ਨੇ ਆਪ ਮੇਹਰ ਕਰਕੇ, ਕੰਨੋਂ ਫੜ ਕੇ, ਪੂਰੀਆਂ ਲਗਾਂ ਲੁਆ ਕੇ, ਵਿਸ਼ੇਸ਼ ਸ਼ੁੱਧਾਈ ਕਰਵਾਈ ਹੈ। ਇਸ ਨੂੰ ਸੁਣਨ ਸਮੇਂ, ਸਤਿਗੁਰੂ ਰਾਮਦਾਸ ਸਾਹਿਬ ਜੀ ਰੂਪ, ਸੱਚੇ ਗੁਰਬਾਣੀ ਜੀ ਦੇ ਪਰਮਪੂਜਨੀਕ ਸ੍ਰੀ ਗੁਟਕਾ ਸਾਹਿਬ ਜੀ ਪ੍ਰਕਾਸ਼ ਕਰਕੇ, ਪੂਰਨ ਸ਼ਰਧਾ ਵਿਸ਼ਵਾਸ ਸਹਿਤ, ਰੋਮ ੨ ਦੇ ਕੰਨਾਂ ਨਾਲ ਸੁਣਦਿਆਂ, ਮਗਰ ਬੋਲ ਕੇ ਸੁਨਣਾ ਚਾਹੀਦਾ ਹੈ, ਮੂਹਰੇ ਜਾਂ ਬਰਾਬਰ ਨਹੀਂ ਬੋਲਣਾ। ਅੱਖਰ ਲਗਾਂ ਵਿਸ਼ਰਾਮ ਅਰਥ ਜ਼ਬਾਨੀ ਯਾਦ ਕਰਨ ਦੇ ਖ਼ਿਆਲ ਨਾਲ ਗਹੁ ਕਰਕੇ, ਨੇਤ੍ਰਾਂ ਨਾਲ ਅੱਖਰ ਦੇਖਦਿਆਂ, ਇਹ ਭਾਵਨਾ ਕਰਨੀ ਕਿ ਦਾਸਨਦਾਸ ਨੂੰ ਸੁਰਤ 'ਚ ਅੱਖਰ, ਲਗਾਂ ਅਰਥਾਂ ਸਹਿਤ ਸੱਚੇ ਗੁਰਬਾਣੀ ਜੀ ਦਿਸਣ। ਬੱਚਿਆਂ ਸਮੇਤ.੧੦੧.ਵਾਰ ਸੁਣੋ। ਟੇਪ ਮੁਹਾਰਨੀ ਬੋਲੇ ਤਾਂ ਮੁਹਾਰਨੀ ਵਾਲੇ ਛਪੇ ਅੱਖਰ ਦੇਖ ਕੇ ਮਗਰ ਬੋਲਣਾ, ਬਰਾਬਰ ਨਹੀਂ ਬੋਲਣਾ। ਬ੍ਰਹਮਵਿੱਦਿਆ ਪੜ੍ਹਾਉਂਦਿਆਂ, ਵਿਦਿਆਰਥੀਆਂ ਦੇ ਵਿਦਿਆਰਥੀ ਦਾਸਨ ਦਾਸ ਹੀ ਬਨਣਾ ਜੀ, ਇਹ ਸ਼ੁਭ ਇੱਛਾ ਰੱਖਣੀ ਕਿ ਗੁਰੂ ਜੀ ਦਾ ਸਰਬੱਤ ਦੇ ਭਲੇ ਦਾ ਮਤਿ ਖੰਡ ਬ੍ਰਹਮੰਡ'ਚ ਫ਼ੈਲੇ ਜੀ। ਹਰ ਪ੍ਰਾਣੀ ਗੁਰੂ ਪੰਥ ਜੀ, ਮੁਹਾਰਨੀ ਚੇਤੇ ਕਰਕੇ ਅੱਗੇ ਕਰਾਉਣ, ਦੇਹਧਾਰੀ ਪਖੰਡੀਆਂ ਨੂੰ ਭਜਾਉਣ, ਮੁਹਾਰਨੀ ਪਕਾ ਕੇ, ਪੂਰੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

੧੨. ਗੁਰਪ੍ਰਸਾਦਿ ਵਾਹਿਗੁਰੂ ਸੱਚੇ ਗੁਰਬਾਣੀ ਗੁਰੂ ਜੀ ਦੇ ਸ਼ੁੱਧ ਉਚਾਰਨ ਦਾ ਸੋਹਣਾ ਸੁਖੱਲਾ ਅਮੋਲਕ ਢੰਗ:- ਗੁਰਬਾਣੀ ਜੀ ਦੇ ਸ਼ੁੱਧ ਉਚਾਰਣ ਦੀ ਪ੍ਰਪਤੀ ਲਈ, ਗੁਰਮੁਖਿ ਉਸਤਾਦ ਦੀ ਲੋੜ ਹੈ। {ਨੰਨੇ ਨੂੰ ਣਾਣਾ ਬੋਲਣ ਵਾਲੇ, ਨੰਨੇ ਦੀ ਮੁਹਾਰਨੀ ਦਾ ਅਭਿਆਸ ਕਰਨ। ਣਾਣੇ ਨੂੰ ਨੰਨਾ ਬੋਲਣ ਵਾਲੇ ਣਾਣੇ ਦੀ ਮੁਹਾਰਨੀ ਦਾ ਅਭਿਆਸ ਕਰਨ। ਪੜ੍ਹਨ ਵਾਲੇ ਛੋਟੇ ਬੱਚੇ ਡਰਦੇ ਹਨ, ਉਨ੍ਹਾਂ ਨੂੰ ਕਿਹਾ ਜਾਵੇ, ਜਦੋਂ ਆਪ ਜੀ ਨੂੰ ਸਹਾਇਤਾ ਦੀ ਲੋੜ ਹੋਵੇ, ਨਿਝੱਕ ਦੱਸੋ, ਭਾਵ ਉਨ੍ਹਾਂ ਦੀ ਅਤੀ ਹੀ ਜ਼ਿਆਦਾ ਸਹਾਇਤਾ ਕਰਕੇ, ਪੂਰਨ ਪਿਆਰ ਨਾਲ ਜਿੱਤਿਆ ਜਾਵੇ। ਪਰਮਪੂਜਨੀਕ ਵਾਹਿਗੁਰੂ ਨਿਰੰਕਾਰ ਗੁਰਬਾਣੀ ਜੀ, ਨ ਤਾਂ ਵਿਆਕਰਣ ਅਨੁਸਾਰ ਹਨ, ਨ ਹੀ ਉਲਟ ਹਨ, ਸੁਤੰਤ੍ਰ ਪੂਰਨ ਗੁਰੂ ਜੀ ਹਨ। { (ਮੁਕਤਾ -) (ਕੰਨਾ ਾ) (ਸਿਹਾਰੀ ਿ) (ਬਿਹਾਰੀ ੀ) (ਔਂਕੜ ੁ) (ਦੁਲੈਂਕੜੇ ੂ) (ਲਾਂ ੇ) (ਦੁਲਾਂ ੈ) (ਹੋੜਾ ੋ) (ਕਨੌੜਾ ੌ) ਕੁੱਲ ਲਗਾਂ ਦਸ ਹਨ।

ਪਹਿਲੀ ਲਗ ਮੁਕਤਾ:-ਜਿਸ ਅੱਖਰ ਨੂੰ ਕੋਈ ਲਗ ਨ ਹੋਵੇ ਸੋ ਮੁਕਤਾ ਹੈ। ਮੁਕਤੇ ਦਾ ਸਾਈਨ ਨਿਸ਼ਾਨ ਬ੍ਰੈਕਟ 'ਚ ਹੈ (ੱ) , ਮੁਕਤਾ ਲਘੂ ਭਾਵ ਛੋਟੀ ਲਗ ਹੈ, ਮੁਕਤੇ ਨੂੰ ਛੋਟੀ ਲਗ ਸਮਝ ਕੇ ਸੰਕੋਚ ਕੇ ਹੀ ਬੋਲਣਾ, ਮੁਕਤਾ ਬੋਲਣ ਸਮੇਂ, ਮੂੰਹ ਨਹੀਂ ਅੱਡਣਾ, ਨ ਹੀ ਮੂੰਹ ਵਿੰਗਾ ਕਰਨਾ ਹੈ। ੳ ਏ ਨੂੰ ਮੁਕਤਾ ਨਹੀਂ ਲੱਗਦਾ। ਅ ਸ ਹ ਤੋਂ ਅੱਗੇ ੜਾੜੇ ਤੱਕ, ਤੇਤੀ ਅੱਖਰਾਂ ਨੂੰ ਮੁਕਤਾ ਲਾ ਕੇ ਵਿਦਿਆਰਥੀ ਜੀ ਨੂੰ ਬਾਰ ੨ ਕਹਾਉ। ਵਿਦਿਆਰਥੀ ਜੀ ਮੁਕਤਾ ਲਗ ਬੋਲਦਿਆਂ ੩੩ ਅੱਖਰ ਬਾਰ ੨ ਲਿਖਣ। ਬਾਲ ਉਪਦੇਸ ਤੋਂ ਇਕੱਲਾ ੨ ਅੱਖਰ ਲਗ, ਅਪਣੇ ਮਗਰ ਬਾਰ ੨ ਬੁਲਾ ਕੇ, ਵਿਦਿਆਰਥੀ ਜੀ ਨੂੰ ਮੁਕਤਾ ਨਿਸਚੇ ਕਰਾਉ।, ਜਿਵੇਂ ਬੱ ਮੁਕਤਾ ਬੱ, ਸੱਸਾ ਮੁਕਤਾ ਸ, ਦੋਵੇਂ ਅੱਖਰ ਜੋੜ ਕੇ ਬੱਸ। ਮੁਕਤਾ ਸੰਕੋਚ ਕੇ ਸਹੀ ੨ ਹੀ ਬੋਲਣਾ ਚਾਹੀਦਾ ਹੈ। ਜਹ ਨੂੰ ਜੈਹ ਜਾਂ ਜਹਿ ਗ਼ਲਤ

Sri Satguru Jagjit Singh Ji eLibrary NamdhariElibrary@gmail.com

ਨਹੀਂ ਬੋਲਣਾ। ਸਹਸ ਸਿਆਣਪਾ ਲਖ ਹੋਹਿ; (ਸਹਸ) ਨੂੰ ਸੈਹਸ ਜਾਂ ਸਹਿਸ ਗ਼ਲਤ ਨਹੀਂ ਬੋਲਣਾ, ਸਹਸ ਤਿੰਨੇ ਅੱਖਰ ਮੁਕਤੇ ਬੋਲੋ। ਸਾਹ, ਸੱਸੇ ਨੂੰ ਕੰਨਾ ਹੈ। (ਕੰਨੇ ਾ) ਦੇ ਸੱਜੇ ਪਾਸੇ ਹਾਹਾ ਮੁਕਤਾ ਹੈ। ਸੱਸੇ ਦਾ ਕੰਨਾ ਲੰਮਾ ਬੋਲ ਕੇ, ਹਾਹਾ ਮੁਕਤਾ ਬੋਲੋ, ਹਾਹੇ ਨੂੰ ਕੰਨਾ ਨਹੀਂ ਲਾਉਣਾ ਚਾਹੀਦਾ ਜੀ

ਦੂਜੀ ਲਗ ਕੰਨਾ ਹੈ। ਕੰਨੇ ਦਾ ਸਾਈਨ ਨਿਸ਼ਾਨ ਬ੍ਰੈਕਟ 'ਚ ਹੈ (ਾ) । ਕੰਨਾ ਦੀਰਘ ਭਾਵ ਵੱਡੀ ਲੌਂਗ ਲਗ ਹੈ, ਇਸ ਨੂੰ ਵੱਡੀ ਲਗ ਸਮਝ ਕੇ, ਮੂੰਹ ਅੱਡ ਕੇ ਲੰਬਾ ਲੌਂਗ ਹੀ ਬੋਲਣਾ। ਪਾਤਾਲਾ ਪਾਤਾਲ ਲਖ; ਆਗਾਸਾ ਆਗਾਸ॥ ਨੂੰ ਪਤਾਲਾ ਪਤਾਲ ਲਖ ਅਗਾਸਾ ਅਗਾਸ॥ ਗ਼ਲਤ ਨਹੀਂ ਬੋਲਣਾ, ਖ਼ਿਆਲ ਨਾਲ ਪੱਪਿਆਂ, ਐੜਿਆਂ ਨੂੰ ਮੂੰਹ ਅੱਡ ਕੇ, ਲੰਮੇ ਬੋਲ ਕੇ ਕੰਨੇ ਲਾਵੋ। ਨਾ ਓਹਿ ਮਰਹਿ; ਨ ਠਾਗੇ ਜਾਹਿ॥ (ਨਾ) ਕੰਨਾ ਪੂਰਾ ਲਾਉਣਾ, (ਨ) ਨੰਨਾ ਮੁਕਤਾ, ਸੰਕੋਚ ਕੇ ਹੀ ਬੋਲਣਾ। ਨੰਨੇ ਮੁਕਤੇ ਨੂੰ ਕੰਨਾ ਲਾਉਣਾ ਗ਼ਲਤੀ ਹੈ। ਊੜੇ ਈੜੀ ਨੂੰ ਕੰਨਾ ਨਹੀਂ ਲੱਗਦਾ। ਆ ਸਾ ਹਾ ਅੱਗੇ ਝਾੜੇ ਤੱਕ, ਤੇਤੀ ਅੱਖਰਾਂ ਨੂੰ ਕੰਨਾ ਲਾ ਕੇ ਵਿਦਿਆਰਥੀ ਜੀ ਨੂੰ ਬਾਰ ੨ ਕੰਨਾ ਕਹਾਉ। ਵਿਦਿਆਰਥੀ ਜੀ ਕੰਨਾ ਲਗ ਬੋਲਦਿਆਂ ੩੩ ਅੱਖਰਾਂ ਨਾਲ ਕੰਨਾ ਲਾ ਕੇ ਬਾਰ ੨ ਲਿਖਣ ਹਰ ਅੱਖਰ ਨਾਲ਼ ਕੰਨਾ ਬਾਰ ੨ ਬੋਲਣ। ਬਾਲ ਉਪਦੇਸ ਤੋਂ ਇਕੱਲੇ ੨ ਅੱਖਰ ਨਾਲ ਕੰਨਾ ਲਗ, ਅਪਣੇ ਮਗਰ ਬਾਰ ੨ ਬੁਲਾ ਕੇ ਕੰਨਾ ਨਿਸਚਾ ਕਰਾਉ। ਜਿਵੇਂ ਸਾਹੁ, ਸੱਸੇ ਦੇ (ਕੰਨੇ ਾ) ਦੇ ਸੱਜੇ ਪਾਸੇ ਹਾਹੇ ਨੂੰ ਔਂਕੜ ਹੈ। ਸੱਸੇ ਦਾ ਕੰਨਾ ਲੰਮਾ ਬੋਲ ਕੇ ਹਾਹੇ ਦਾ ਔਂਕੜ ਛੋਟਾ ਬੋਲੋ, ਔਂਕੜ ਲੰਬਾ ਬੋਲਣ ਨਾਲ ਹੋੜਾ ਬੋਲੇਗਾ। ਰਾਹੁ ਲਾਹੁ ਵਾਹੁ ਨਾਹੁ) ਸੀਹੁ ਸੱਸੇ ਦੇ ਸੱਜੇ ਪਾਸੇ ਹਾਹੇ ਨੂੰ ਔਂਕੜ ਛੋਟੀ ਲਗ ਹੈ। ਸੱਸੇ ਦੀ ਬਿਹਾਰੀ ਦੱਬ ਕੇ, ਭਾਵ ਦੀਰਘ ਲੰਮੀ ਬੋਲਣੀ। ਹਾਹੇ ਦਾ ਔਂਕੜ ਲਘੂ ਸੰਕੋਚ ਕੇ ਹੀ ਬੋਲੋ।

ਸਿਹਾਰੀ ਤੀਜੀ ਲਗ ਹੈ। ਸਿਹਾਰੀ ਦਾ ਸਾਈਨ ਨਿਸ਼ਾਨ ਬ੍ਰੈਕਟ 'ਚ ਹੈ (ਿ) , ਸਿਹਾਰੀ ਲਘੂ ਭਾਵ ਛੋਟੀ ਲਗ ਹੈ, ਸਿਹਾਰੀ ਨੂੰ ਛੋਟੀ ਲਗ ਸਮਝ ਕੇ, ਸੰਕੋਚ ਕੇ ਹੀ ਬੋਲਣਾ। ਜਿਵੇਂ ਜੇਕਰ ਹੋਇ ਦੀ ਈੜੀ ਦੀ ਸਿਹਾਰੀ ਨੂੰ ਲੰਮੀ ਬੋਲਾਂਗੇ ਤਾਂ ਲਾਂ ਦੀ ਅਵਾਜ਼ ਬਣ ਜਾਵੇਗੀ। ਓ ਅ ਨੂੰ ਸਿਹਾਰੀ ਨਹੀਂ ਲੱਗਦੀ। ਇ ਸਿ ਹਿ ਅੱਗੇ ਝਾੜੇ ਤੱਕ, ਤੇਤੀ ਅੱਖਰਾਂ ਨੂੰ ਸਿਹਾਰੀ ਲਾ ਕੇ ਵਿਦਿਆਰਥੀ ਜੀ ਨੂੰ ਬਾਰ ੨ ਸਿਹਾਰੀ ਕਹਾਉ। ਵਿਦਿਆਰਥੀ ਜੀ ਸਿਹਾਰੀ ਲਗ ਬੋਲਦਿਆਂ ੩੩ ਅੱਖਰਾਂ ਨਾਲ ਸਿਹਾਰੀ ਲਾ ਕੇ ਬਾਰ ੨ ਲਿਖਣ, ਹਰ ਅੱਖਰ ਨਾਲ਼ ਸਿਹਾਰੀ ਬਾਰ ੨ ਬੋਲਣ। ਬਾਲ ਉਪਦੇਸ ਤੋਂ ਇਕੱਲੇ ੨ ਅੱਖਰ ਨਾਲ ਸਿਹਾਰੀ ਲਗ, ਅਪਣੇ ਮਗਰ ਬਾਰ ੨ ਬੁਲਾ ਕੇ ਵਿਦਿਆਰਥੀ ਜੀ ਨੂੰ ਸਿਹਾਰੀ ਨਿਸਚਾ ਕਰਾਉ। ਸਾਹਿ, ਸੱਸੇ ਨੂੰ ਕੰਨਾ ਹੈ। (ਕੰਨੇ ਾ) ਦੇ ਸੱਜੇ ਪਾਸੇ ਹਾਹੇ ਨੂੰ ਸਿਹਾਰੀ ਹੈ। ਸੱਸੇ ਦਾ ਕੰਨਾ ਲੰਮਾ ਬੋਲ ਕੇ, ਹਾਹੇ ਨੂੰ ਸਿਹਾਰੀ ਸੰਕੋਚ ਕੇ ਹੀ ਬੋਲਣੀ, ਲੰਬੀ ਨਹੀਂ ਬੋਲਣੀ, ਲੰਬੀ ਬੋਲਣ ਨਾਲ ਲਾਂ ਦੀ ਅਵਾਜ਼ ਆਵੇਗੀ।

ਚੌਥੀ ਲਗ ਬਿਹਾਰੀ ਹੈ। ਬਿਹਾਰੀ ਦਾ ਸਾਈਨ ਨਿਸ਼ਾਨ ਬ੍ਰੈਕਟ 'ਚ ਹੈ (ੀ) । ਬਿਹਾਰੀ ਦੀਰਘ ਭਾਵ ਵੱਡੀ ਲਗ ਹੈ, ਵੱਡੀ ਲਗ ਸਮਝ ਕੇ, ਬਿਹਾਰੀ ਲੰਬੀ ਲੌਂਗ ਦੱਬ ਕੇ ਹੀ ਬੋਲਣੀ। ਬਿਹਾਰੀ ਪੋਲੀ ਬੋਲਣ ਨਾਲ, ਸਿਹਾਰੀ ਹੀ ਬੋਲੀ ਜਾਵੇਗੀ। ਜਿਵੇਂ ਤੁਕ:- ਸਾ ਧਰਤੀ ਭਈ ਹਰੀਆਵਲੀ; ਜਿਥੈ ਮੇਰਾ ਸਤਿਗੁਰੁ ਬੈਠਾ ਆਇ॥ ਜਿੱਥੇ ਮੇਰੇ ਸੱਚੇ ਸਤਿਗੁਰੂ ਸਾਹਿਬ ਜੀ ਆ ਕੇ ਬੈਠੇ, (ਸਾ) ਉਹ ਧਰਤੀ (ਹਰੀਆਵਲੀ) ਹਰੀ ਦੀ ਰੰਗਤ ਕਥਾ ਕੀਰਤਨ ਸਿਮਰਨ ਮਹਿਮਾ ਵਾਲੀ ਹਰੀਆਵਲੀ (ਭਈ) ਹੋ ਗਈ। ਹਰੀਆਵਲੀ.ਰਾਰੇ ਬਿਹਾਰੀ ਦੱਬ ਕੇ ਦੀਰਘ ਬੋਲੋ, ਪੋਲੀ ਬੋਲਣ ਨਾਲ ਹਰਿਆਵਲੀ ਸਿਹਾਰੀ ਗ਼ਲਤ ਬੋਲੀ ਜਾਵੇਗੀ। (ਨਿਰਗੁਨੀਆਰ) ਨੰਨੇ ਦੀ ਬਿਹਾਰੀ ਨੂੰ ਦੱਬ

Sri Satguru Jagjit Singh Ji eLibrary NamdhariElibrary@gmail.com

ਕੇ ਬੋਲੀਏ ਤਾਂ ਠੀਕ ਹੈ, ਪਰ ਜੇ ਨੰਨੇ ਦੀ ਬਿਹਾਰੀ ਨੂੰ ਢਿੱਲਾ ਬੋਲੀਏ ਤਾਂ ਸਿਹਾਰੀ ਬਣ ਜਾਂਦੀ ਹੈ, ਇਸ ਲਈ ਸਤਿਗੁਰੂ ਸਾਹਿਬ ਜੀ ਦੇ ਪਰਮਪਵਿੱਤ੍ਰ ਸਰੂਪ 'ਚ, ਜਿੱਥੇ ੨ ਭੀ ਬਿਹਾਰੀ ਆਵੇ, ਉੱਥੇ ੨ ਪੂਰਾ ੨ ਖ਼ਿਆਲ ਰੱਖ ਕੇ, ਬਿਹਾਰੀ ਨੂੰ ਦੱਬ ਕੇ ਹੀ ਬੋਲੋ ਜੀ। ਸੀਹ ਸੱਸੇ ਦੇ ਸੱਜੇ ਪਾਸੇ ਹਾਹਾ ਮੁਕਤਾ ਹੈ, ਸੱਸੇ ਦੀ ਬਿਹਾਰੀ ਦੱਬ ਕੇ, ਭਾਵ ਦੀਰਘ ਲੰਮੀ ਬੋਲਣੀ। ਹਾਹਾ ਸੰਕੋਚ ਕੇ ਬੋਲੋ। ਸੀਹਿ ਸੱਸੇ ਦੇ ਸੱਜੇ ਪਾਸੇ ਹਾਹੇ ਨੂੰ ਸਿਹਾਰੀ ਛੋਟੀ ਲਗ ਹੈ। ਸੱਸੇ ਦੀ ਬਿਹਾਰੀ ਦੱਬ ਕੇ, ਭਾਵ ਦੀਰਘ ਲੰਮੀ ਬੋਲਣੀ। ਹਾਹੇ ਦੀ ਸਿਹਾਰੀ ਸੰਕੋਚ ਕੇ ਬੋਲੋ।

ਓ ਅ ਨੂੰ ਬਿਹਾਰੀ ਨਹੀਂ ਲੱਗਦੀ। ਈ ਸੀ ਹੀ ਅੱਗੇ ੜਾੜੇ ਤੱਕ, ਤੇਤੀ ਅੱਖਰਾਂ ਨੂੰ ਬਿਹਾਰੀ ਲਾ ਕੇ, ਵਿਦਿਆਰਥੀ ਜੀ ਨੂੰ ਬਾਰ ੨ ਬਿਹਾਰੀ ਕਹਾਉ। ਵਿਦਿਆਰਥੀ ਜੀ ਬਿਹਾਰੀ ਲਗ ਬੋਲਦਿਆਂ ੩੩ ਅੱਖਰਾਂ ਨਾਲ ਬਿਹਾਰੀ ਲਾ ਕੇ ਬਾਰ ੨ ਲਿਖਣ, ਹਰ ਅੱਖਰ ਨਾਲ਼ ਬਿਹਾਰੀ ਬਾਰ ੨ ਬੋਲਣ। ਬਾਲ ਉਪਦੇਸ਼ ਤੋਂ ਇਕੱਲੇ ੨ ਅੱਖਰ ਨਾਲ ਬਿਹਾਰੀ ਲਗ, ਅਪਣੇ ਮਗਰ ਬਾਰ ੨ ਬੁਲਾ ਕੇ, ਵਿਦਿਆਰਥੀ ਜੀ ਨੂੰ ਬਿਹਾਰੀ ਨਿਸਚਾ ਕਰਾਉ।

ਔਂਕੜ ਪੰਜਵੀਂ ਲਗ ਹੈ। ਔਂਕੜ ਦਾ ਸਾਈਨ ਨਿਸ਼ਾਨ ਬ੍ਰੈਕਟ 'ਚ ਹੈ (ੁ) , ਔਂਕੜ ਲਘੂ ਭਾਵ ਛੋਟੀ ਲਗ ਹੈ, ਔਂਕੜ ਨੂੰ ਛੋਟੀ ਲਗ ਸਮਝ ਕੇ, ਸੰਕੋਚ ਕੇ ਹੀ ਬੋਲਣਾ। (ਸਲੋਕੁ) ਦਾ ਸੱਸਾ ਮੁਕਤਾ ਹੈ। ਕਈ ਬੇਖ਼ਿਆਲੀ 'ਚ ਕੱਕੇ ਦਾ ਔਂਕੜ ਛੱਡ ਕੇ, ਸੱਸੇ ਨੂੰ ਔਂਕੜ ਲਾ ਕੇ ਸੁਲੋਕ ਗ਼ਲਤ ਬੋਲਦੇ ਹਨ। ਪੂਰਨ ਸ਼ਰਧਾ ਸਤਿਕਾਰ ਖ਼ਿਆਲ ਸਹਿਤ ਸੱਸਾ ਮੁਕਤਾ, ਲੱਲੇ ਦਾ ਹੋੜਾ ਲੰਮਾ, ਕੱਕੇ ਦਾ ਔਂਕੜ ਸੰਕੋਚ ਕੇ ਸਹੀ ੨ ਬੋਲਣਾ ਚਾਹੀਦਾ ਹੈ। (ਕੁ) ਕੱਕੇ ਦਾ ਔਂਕੜ ਲੰਮਾ ਬੋਲਣ ਨਾਲ ਹੋੜੇ ਵੱਲ ਅਵਾਜ਼ ਚੱਲੀ ਜਾਂਦੀ ਹੈ। ਅ ਏ ਨੂੰ ਔਂਕੜ ਨਹੀਂ ਲੱਗਦਾ। ਉ ਸੁ ਹੁ ਅੱਗੇ ੜਾੜੇ ਤੱਕ, ਤੇਤੀ ਅੱਖਰਾਂ ਨੂੰ ਔਂਕੜ ਲਾ ਕੇ, ਵਿਦਿਆਰਥੀ ਜੀ ਨੂੰ ਬਾਰ ੨ ਔਂਕੜ ਕਹਾਉ। ਵਿਦਿਆਰਥੀ ਜੀ ਔਂਕੜ ਲਗ ਬੋਲਦਿਆਂ ੩੩ ਅੱਖਰਾਂ ਨਾਲ ਔਂਕੜ ਲਾ ਕੇ ਬਾਰ ੨ ਲਿਖਣ, ਹਰ ਅੱਖਰ ਨਾਲ਼ ਔਂਕੜ ਬਾਰ ੨ ਬੋਲਣ। ਬਾਲ ਉਪਦੇਸ਼ ਤੋਂ ਇਕੱਲੇ ੨ ਅੱਖਰ ਨਾਲ ਔਂਕੜ ਲਗ, ਅਪਣੇ ਮਗਰ ਬਾਰ ੨ ਬੁਲਾ ਕੇ, ਵਿਦਿਆਰਥੀ ਜੀ ਨੂੰ ਔਂਕੜ ਨਿਸਚਾ ਕਰਾਉ।

ਦੁਲੈਂਕੜੇ ਛੇਵੀਂ ਲਗ ਹੈ। ਦੁਲੈਂਕੜੇ ਦਾ ਸਾਈਨ ਨਿਸ਼ਾਨ ਬ੍ਰੈਕਟ 'ਚ ਹੈ (ੂ) । ਦੁਲੈਂਕੜੇ ਦੀਰਘ ਭਾਵ ਵੱਡੀ ਲਗ ਹੈ, ਇਸ ਨੂੰ ਵੱਡੀ ਲਗ ਸਮਝ ਕੇ, ਲੰਬਾ ਲੌਂਗ ਪੂਰਾ ਹੀ ਬੋਲਣਾ। ਸੂਹ ਸੱਸੇ ਦੇ ਸੱਜੇ ਪਾਸੇ ਹਾਹਾ ਮੁਕਤਾ ਹੈ, ਸੱਸੇ ਦੇ ਦੁਲੈਂਕੜੇ ਦੀਰਘ ਭਾਵ ਲੰਮੇ ਬੋਲ ਕੇ, ਹਾਹਾ ਮੁਕਤਾ ਲਘੂ ਸੰਕੋਚ ਕੇ ਬੋਲੋ। ਸੂਹਿ ਸੱਸੇ ਦੇ ਸੱਜੇ ਪਾਸੇ ਹਾਹੇ ਨੂੰ ਸਿਹਾਰੀ ਹੈ, ਸੱਸੇ ਦੇ ਦੁਲੈਂਕੜੇ ਦੀਰਘ ਭਾਵ ਲੰਮੇ ਬੋਲ ਕੇ, ਹਾਹੇ ਦੀ ਸਿਹਾਰੀ ਛੋਟੀ ਲਘੂ ਸੰਕੋਚ ਕੇ ਬੋਲੋ। ਸੂਹੁ ਸੱਸੇ ਦੇ ਸੱਜੇ ਪਾਸੇ ਹਾਹੇ ਨੂੰ ਔਂਕੜ ਹੈ, ਸੱਸੇ ਦੇ ਦੁਲੈਂਕੜੇ ਦੀਰਘ ਭਾਵ ਲੰਮੇ ਬੋਲ ਕੇ, ਹਾਹੇ ਦਾ ਔਂਕੜ ਛੋਟੀ ਲਗ.ਸੰਕੋਚ ਕੇ ਬੋਲੋ।

ਅ ਏ ਨੂੰ ਦੁਲੈਂਕੜੇ ਨਹੀਂ ਲੱਗਦੇ, ਅੱਗੇ ਉ ਸੁ ਹੁ ੜਾੜੇ ਤੱਕ, ਤੇਤੀ ਅੱਖਰਾਂ ਨੂੰ ਦੁਲੈਂਕੜੇ ਲਾ ਕੇ, ਵਿਦਿਆਰਥੀ ਜੀ ਨੂੰ ਬਾਰ ੨ ਦੁਲੈਂਕੜੇ ਕਹਾਉ। ਵਿਦਿਆਰਥੀ ਜੀ ਦੁਲੈਂਕੜੇ ਲਗ ਬੋਲਦਿਆਂ ੩੩ ਅੱਖਰਾਂ ਨਾਲ ਦੁਲੈਂਕੜੇ ਲਾ ਕੇ ਬਾਰ ੨ ਲਿਖਣ, ਹਰ ਅੱਖਰ ਨਾਲ਼ ਦੁਲੈਂਕੜੇ ਬਾਰ ੨ ਬੋਲਣ। ਬਾਲ ਉਪਦੇਸ਼ ਤੋਂ ਇਕੱਲੇ ੨ ਅੱਖਰ ਨਾਲ ਦੁਲੈਂਕੜੇ ਲਗ, ਅਪਣੇ ਮਗਰ ਬਾਰ ੨ ਬੁਲਾ ਕੇ ਵਿਦਿਆਰਥੀ ਜੀ ਨੂੰ ਦੁਲੈਂਕੜੇ ਨਿਸਚਾ ਕਰਾਉ।

ਸੱਤਵੀਂ ਲਗ ਲਾਂ ਦਾ ਸਾਈਨ ਨਿਸ਼ਾਨ ਬ੍ਰੈਕਟ 'ਚ ਹੈ (ਾ) । ਲਾਂ ਦੀਰਘ ਭਾਵ ਵੱਡੀ ਲਗ ਹੈ,

Sri Satguru Jagjit Singh Ji eLibrary NamdhariElibrary@gmail.com

ਲਾਂ ਵੱਡੀ ਲਗ ਸਮਝ ਕੇ, ਲੰਬੀ ਲੌਂਗ ਪੂਰੀ ਹੀ ਬੋਲਣੀ। ਜਿਵੇਂ ਦੇਹ, ਖੇਹ ਲਾਂ ਦੀਰਘ ਬੋਲ ਕੇ, ਹਾਹਾ ਮੁਕਤਾ ਸੰਕੋਚ ਕੇ ਹੀ ਬੋਲਣਾ। ਦੇਹ ਖੇਹ ਦੇ ਹਾਹਿਆਂ ਨੂੰ ਸਿਹਾਰੀ ਲਾ ਕੇ, ਨਹੀਂ ਬੋਲਣਾ। ਸੇਹ ਸੱਸੇ ਦੇ ਸੱਜੇ ਪਾਸੇ ਹਾਹਾ ਮੁਕਤਾ ਹੈ, ਸੱਸੇ ਦੀ ਲਾਂ ਦੀਰਘ ਭਾਵ ਲੰਮੀ ਬੋਲ ਕੇ, ਹਾਹਾ ਮੁਕਤਾ ਲਘੂ ਸੰਕੋਚ ਕੇ ਹੀ ਬੋਲੋ। ਹਾਹੇ ਨੂੰ ਸਿਹਾਰੀ ਨ ਲੱਗੇ। ਸੇਹਿ ਸੱਸੇ ਦੇ ਸੱਜੇ ਪਾਸੇ ਹਾਹੇ ਨੂੰ ਸਿਹਾਰੀ ਹੈ, ਸੱਸੇ ਦੀ ਲਾਂ ਦੀਰਘ ਭਾਵ ਲੰਮੀ ਬੋਲ ਕੇ, ਹਾਹੇ ਨੂੰ ਸਿਹਾਰੀ ਲਘੂ ਸੰਕੋਚ ਕੇ ਬੋਲੋ। ਸੇਹੁ ਸੱਸੇ ਦੇ ਸੱਜੇ ਪਾਸੇ ਹਾਹੇ ਨੂੰ ਔਂਕੜ ਹੈ, ਸੱਸੇ ਦੀ ਲਾਂ ਦੀਰਘ ਭਾਵ ਲੰਮੀ ਬੋਲ, ਹਾਹੇ ਔਂਕੜ ਛੋਟੀ ਲਗ ਸੰਕੋਚ ਕੇ ਹੀ ਬੋਲੋ।

ਓ ਅ ਲਾਂ ਨਹੀਂ ਲੱਗਦੀ, ਅੱਗੇ ਏ ਸੇ ਹੇ ੜਾੜੇ ਤੱਕ, ਤੇਤੀ ਅੱਖਰਾਂ ਨੂੰ ਲਾਂ ਲਾ ਕੇ, ਵਿਦਿਆਰਥੀ ਜੀ ਨੂੰ ਬਾਰ ੨ ਅਪਣੇ ਮਗਰ ਲਾਂ ਕਹਾਉ। ਵਿਦਿਆਰਥੀ ਜੀ ਲਾਂ ਲਗ ਬੋਲਦਿਆਂ ੩੩ ਅੱਖਰਾਂ ਨਾਲ ਲਾਂ ਲਾ ਕੇ ਬਾਰ ੨ ਲਿਖਣ, ਹਰ ਅੱਖਰ ਨਾਲ਼ ਲਾਂ ਬਾਰ ੨ ਬੋਲਣ। ਬਾਲ ਉਪਦੇਸ਼ ਤੋਂ ਇਕੱਲੇ ੨ ਅੱਖਰ ਨਾਲ ਲਾਂ ਲਗ, ਅਪਣੇ ਮਗਰ ਬਾਰ ੨ ਬੁਲਾ ਕੇ ਵਿਦਿਆਰਥੀ ਜੀ ਨੂੰ ਲਾਂ ਨਿਸਚਾ ਕਰਾਉ।

ਅੱਠਵੀਂ ਲਗ ਦੁਲਾਂ ਦਾ ਸਾਈਨ ਨਿਸ਼ਾਨ ਬ੍ਰੈਕਟ 'ਚ ਹੈ (ੈ) । ਦੁਲਾਂ ਦੀਰਘ ਭਾਵ ਵੱਡੀ ਲਗ ਹੈ, ਦੁਲਾਂ ਵੱਡੀ ਲਗ ਸਮਝ ਕੇ, ਲੰਬੀ ਲੌਂਗ ਪੂਰੀ ਹੀ ਬੋਲਣੀ। (ਗਾਵੈ) ਨੂੰ ਗਾਂਵਾਂ ਜਾਂ ਗਾਵੇ ਗਾਵਾ ਗ਼ਲਤ ਪਾਠ ਨਹੀਂ ਕਰਨਾ। ਸੋ ਖ਼ਿਆਲ ਨਾਲ (ਵੈ) ਵਾਵੇ ਨੂੰ ਦੁਲਾਂ ਹੀ ਲਾਉਣੀ। ਸੈਹ ਸੱਸੇ ਦੇ ਸੱਜੇ ਪਾਸੇ ਹਾਹਾ ਮੁਕਤਾ ਹੈ, ਸੱਸੇ ਦੀ ਦੁਲਾਂ ਦੀਰਘ ਭਾਵ ਲੰਮੀ ਬੋਲ ਕੇ, ਹਾਹਾ ਮੁਕਤਾ ਲਘੂ ਸੰਕੋਚ ਕੇ ਹੀ ਬੋਲੋ। ਹਾਹੇ ਨੂੰ ਸਿਹਾਰੀ ਨ ਲੱਗੇ ਜੀ। ਸੈਹਿ ਸੱਸੇ ਦੇ ਸੱਜੇ ਪਾਸੇ ਹਾਹੇ ਨੂੰ ਸਿਹਾਰੀ ਹੈ, ਸੱਸੇ ਦੀ ਦੁਲਾਂ ਦੀਰਘ ਭਾਵ ਲੰਮੀ ਬੋਲ ਕੇ, ਹਾਹੇ ਨੂੰ ਸਿਹਾਰੀ ਲਘੂ ਸੰਕੋਚ ਕੇ ਹੀ ਬੋਲੋ। ਸੈਹੁ ਸੱਸੇ ਦੇ ਸੱਜੇ ਪਾਸੇ ਹਾਹੇ ਨੂੰ ਔਂਕੜ ਹੈ, ਸੱਸੇ ਦੀ ਦੁਲਾਂ ਦੀਰਘ ਭਾਵ ਲੰਮੀ ਬੋਲ ਕੇ, ਹਾਹੇ ਦਾ ਔਂਕੜ ਛੋਟੀ ਲਗ ਸਮਝ ਕੇ.ਸੰਕੋਚ ਕੇ ਹੀ ਬੋਲੋ। ਓ ਏ ਨੂੰ ਦੁਲਾਂ ਨਹੀਂ ਲੱਗਦੀ, ਐ ਸੈ ਹੈ ੜਾੜੇ ਤੱਕ, ਤੇਤੀ ਅੱਖਰਾਂ ਨੂੰ ਦੁਲਾਂ ਲਾ ਕੇ, ਵਿਦਿਆਰਥੀ ਜੀ ਨੂੰ ਬਾਰ ੨ ਅਪਣੇ ਮਗਰ ਦੁਲਾਂ ਕਹਾਉ। ਵਿਦਿਆਰਥੀ ਜੀ ਦੁਲਾਂ ਲਗ ਬੋਲਦਿਆਂ ੩੩ ਅੱਖਰਾਂ ਨਾਲ ਦੁਲਾਂ ਲਾ ਕੇ ਬਾਰ ੨ ਲਿਖਣ, ਹਰ ਅੱਖਰ ਨਾਲ਼ ਦੁਲਾਂ ਬਾਰ ੨ ਬੋਲਣ। ਬਾਲ ਉਪਦੇਸ਼ ਤੋਂ ਇਕੱਲੇ ੨ ਅੱਖਰ ਨਾਲ ਦੁਲਾਂ ਲਗ, ਅਪਣੇ ਮਗਰ ਬਾਰ ੨ ਬੁਲਾ ਕੇ, ਵਿਦਿਆਰਥੀ ਜੀ ਨੂੰ ਦੁਲਾਂ ਨਿਸਚਾ ਕਰਾਉ।

ਨੌਵੀਂ ਲਗ ਹੋੜਾ ਹੈ। ਓ ਊੜੇ ਦਾ ਮੂੰਹ ਖੁੱਲ੍ਹਾ ਹੋਵੇ ਤਾਂ ਹੋੜਾ ਬੋਲਦਾ ਹੈ। ਹੋੜਾ ਸਾਈਨ ਨਿਸ਼ਾਨ ਬ੍ਰੈਕਟ 'ਚ ਹੈ (ੋ) । ਹੋੜਾ ਦੀਰਘ ਭਾਵ ਵੱਡੀ ਲਗ ਹੈ, ਹੋੜਾ ਵੱਡੀ ਲਗ ਸਮਝ ਕੇ, ਲੰਬਾ ਲੌਂਗ ਪੂਰਾ ਹੀ ਬੋਲਣਾ। ਜਿਵੇਂ ਸੋਹ ਸੱਸੇ ਦੇ ਸੱਜੇ ਪਾਸੇ ਹਾਹਾ ਮੁਕਤਾ ਹੈ, ਸਸੇ ਦਾ ਹੋੜਾ ਦੀਰਘ ਭਾਵ ਲੰਮਾ ਬੋਲ ਕੇ, ਹਾਹਾ ਮੁਕਤਾ ਲਘੂ ਸੰਕੋਚ ਕੇ ਹੀ ਬੋਲੋ। ਹਾਹੇ ਨੂੰ ਸਿਹਾਰੀ ਨ ਲੱਗੇ। ਸੋਹਿ ਸੱਸੇ ਦੇ ਸੱਜੇ ਪਾਸੇ ਹਾਹੇ ਨੂੰ ਸਿਹਾਰੀ ਹੈ, ਸੱਸੇ ਦਾ ਹੋੜਾ ਦੀਰਘ ਭਾਵ ਲੰਮਾ ਬੋਲ ਕੇ, ਹਾਹੇ ਨੂੰ ਸਿਹਾਰੀ ਲਘੂ ਸੰਕੋਚ ਕੇ ਹੀ ਬੋਲੋ। ਸੋਹੁ ਸੱਸੇ ਦੇ ਸੱਜੇ ਪਾਸੇ, ਹਾਹੇ ਨੂੰ ਔਂਕੜ ਹੈ, ਸੱਸੇ ਦਾ ਹੋੜਾ ਦੀਰਘ ਭਾਵ ਲੰਮਾ ਬੋਲ ਕੇ, ਹਾਹੇ ਦਾ ਔਂਕੜ ਛੋਟੀ ਲਗ ਸੰਕੋਚ ਕੇ ਹੀ ਬੋਲੋ। (ਹੋਹਿ) ਦੇ ਪਹਿਲੇ ਹਾਹੇ ਦੇ ਹੋੜੇ ਨੂੰ ਦੀਰਘ, ਮਗਰਲੇ ਹਾਹੇ ਦੀ ਸਿਹਾਰੀ ਨੂੰ ਲਘੂ ਭਾਵ ਘੱਟ ਬੋਲਣਾ।

ਅ ਏ ਨੂੰ ਹੋੜਾ ਨਹੀਂ ਲੱਗਦਾ, ਓ ਸੋ ਹੋ ੜਾੜੇ ਤੱਕ, ਤੇਤੀ ਅੱਖਰਾਂ ਨੂੰ ਹੋੜਾ ਲਾ ਕੇ,

Sri Satguru Jagjit Singh Ji eLibrary NamdhariElibrary@gmail.com

ਵਿਦਿਆਰਥੀ ਜੀ ਨੂੰ ਬਾਰ ੨ ਅਪਣੇ ਮਗਰ ਹੋੜਾ ਕਹਾਉ। ਵਿਦਿਆਰਥੀ ਜੀ ਹੋੜਾ ਲਗ ਬੋਲਦਿਆਂ, ੩੨ ਅੱਖਰਾਂ ਨਾਲ ਹੋੜਾ ਲਾ ਕੇ ਬਾਰ ੨ ਲਿਖਣ, ਹਰ ਅੱਖਰ ਨਾਲ਼ ਹੋੜਾ ਬਾਰ ੨ ਬੋਲਣ। ਬਾਲ ਉਪਦੇਸ਼ ਤੋਂ ਇਕੱਲੇ ੨ ਅੱਖਰ ਨਾਲ ਹੋੜਾ ਲਗ, ਅਪਣੇ ਮਗਰ ਬਾਰ ੨ ਬੁਲਾ ਕੇ, ਵਿਦਿਆਰਥੀ ਜੀ ਨੂੰ ਹੋੜਾ ਨਿਸਚਾ ਕਰਾਉ।

ਦਸਵੀਂ ਲਗ ਕਨੌੜਾ ਸਾਈਨ ਨਿਸ਼ਾਨ ਬ੍ਰੈਕਟ 'ਚ ਹੈ (ੋ) । ਕਨੌੜਾ ਦੀਰਘ ਭਾਵ ਵੱਡੀ ਲਗ ਹੈ, ਕਨੌੜਾ ਵੱਡੀ ਲਗ ਸਮਝ ਕੇ, ਲੰਬਾ ਲੌਂਗ ਪੂਰਾ ਚਾੜ੍ਹ ਕੇ ਹੀ ਬੋਲਣਾ। ਮੁਹੋਂ, ਜੀਭੋਂ। ਸੋਂਹ ਸੱਸੇ ਦੇ ਸੱਜੇ ਪਾਸੇ ਹਾਹਾ ਮੁਕਤਾ ਹੈ, ਸੱਸੇ ਦਾ ਕਨੌੜਾ ਦੀਰਘ ਭਾਵ ਲੰਮਾ ਲੌਂਗ ਬੋਲ ਕੇ, ਹਾਹਾ ਮੁਕਤਾ ਲਘੂ ਸੰਕੋਚ ਕੇ ਹੀ ਬੋਲੋ, ਹਾਹੇ ਨੂੰ ਸਿਹਾਰੀ ਨ ਲੱਗੇ। ਸੋਂਹਿ ਸੱਸੇ ਦੇ ਸੱਜੇ ਪਾਸੇ ਹਾਹੇ ਨੂੰ ਸਿਹਾਰੀ ਹੈ, ਸੱਸੇ ਦਾ ਕਨੌੜਾ ਦੀਰਘ ਭਾਵ ਲੰਮਾ ਬੋਲ ਕੇ, ਹਾਹੇ ਨੂੰ ਸਿਹਾਰੀ ਲਘੂ ਸੰਕੋਚ ਕੇ ਹੀ ਬੋਲੋ। ਸੋਂਹੁ ਸੱਸੇ ਦੇ ਸੱਜੇ ਪਾਸੇ ਹਾਹੇ ਨੂੰ ਔਂਕੜ ਹੈ, ਸੱਸੇ ਦਾ ਕਨੌੜਾ ਦੀਰਘ ਭਾਵ ਲੰਮਾ ਬੋਲ ਕੇ, ਹਾਹੇ ਦਾ ਔਂਕੜ ਛੋਟੀ ਲਗ ਸੰਕੋਚ ਕੇ ਹੀ ਬੋਲੋ। ਓ ਏ ਨੂੰ ਕਨੌੜਾ ਨਹੀਂ ਲੱਗਦਾ, ਅੱਗੇ ਔ ਸੌ ਹੌ ੜਾੜੇ ਤੱਕ, ਤੇਤੀ ਅੱਖਰਾਂ ਨੂੰ ਕਨੌੜਾ ਲਾ ਕੇ, ਵਿਦਿਆਰਥੀ ਜੀ ਨੂੰ ਬਾਰ ੨ ਅਪਣੇ ਮਗਰ ਕਨੌੜਾ ਕਹਾਉ। ਵਿਦਿਆਰਥੀ ਜੀ ਕਨੌੜਾ ਲਗ ਬੋਲਦਿਆਂ, ੩੨ ਅੱਖਰਾਂ ਨਾਲ ਕਨੌੜਾ ਲਾ ਕੇ ਬਾਰ ੨ ਲਿਖਣ, ਹਰ ਅੱਖਰ ਨਾਲ਼ ਕਨੌੜਾ ਬਾਰ ੨ ਬੋਲਣ। ਬਾਲ ਉਪਦੇਸ਼ ਤੋਂ ਇਕੱਲੇ ੨ ਅੱਖਰ ਨਾਲ ਕਨੌੜਾ ਲਗ, ਅਪਣੇ ਮਗਰ ਬਾਰ ੨ ਬੁਲਾ ਕੇ, ਵਿਦਿਆਰਥੀ ਜੀ ਨੂੰ ਕਨੌੜਾ ਨਿਸਚਾ ਕਰਾਉ।

ਇਨ੍ਹਾਂ ਦਸ ਲਗਾਂ 'ਚੋਂ (ਮੁਕਤਾ) (ਸਿਹਾਰੀ ਿ) (ਔਂਕੜ ੁ) ਤਿੰਨ ਲਗਾਂ ਲਘੂ ਭਾਵ ਛੋਟੀਆਂ ਹਨ, ਇਨ੍ਹਾਂ ਨੂੰ ਲਘੂ ਛੋਟੀਆਂ ਜਾਣ ਕੇ, ਸੰਕੋਚ ਕੇ ਹੀ ਬੋਲੋ, ਜਿਤਨੀ ਲਘੂ ਬੋਲਣੀ ਚਾਹੀਦੀ ਹੈ। ਲਘੂ ਬੋਲਣ ਲੱਗਿਆਂ ਜ਼ੋਰ ਲਾ ਕੇ ਇਤਨੀ ਛੇਤੀ ਭੀ ਨਹੀਂ ਬੋਲਣੀ, ਜਿਸ ਨਾਲ ਅੱਖਰ ਦਾ ਵਜ਼ਨ ਘਟੇ ਤੇ ਲਘੂ ਘੱਟ ਬੋਲੀ ਜਾਵੇ। ਸੋ ਲਘੂ ਬੋਲਣ ਲੱਗਿਆਂ, ਅੱਖਰ ਦਾ ਵਜ਼ਨ ਤੇ ਲਘੂ ਲਗ ਘੱਟ ਭੀ ਨਹੀਂ ਲਾਉਣੀ, ਬੋਲਣ ਲੱਗਿਆਂ ਲਘੂ ਦੀਰਘ ਤੇ ਇੱਕੋ ਜਿਹਾ ਜ਼ੋਰ ਲਾਉਣਾ ਜੀ। ਜਿੱਥੇ ੨ ਜਿਵੇਂ ੨ ਸਤਿਗੁਰੂ ਸੱਚੇ ਸਾਹਿਬ ਜੀ ਨੇ ਲਗ ਲਾਈ ਹੈ, ਉੱਥੇ ੨, ਪੂਰਨ ਸ਼ਰਧਾ ਸਤਿਕਾਰ ਖ਼ਿਆਲ ਸਹਿਤ, ਉਸੇ ਤਰ੍ਹਾਂ ਹੀ ਬੋਲਣੀ} { (ਕੰਨਾ ਾ) (ਬਿਹਾਰੀ ੀ) (ਦੁਲੈਂਕੜੇ ੂ) (ਲਾਂ ੱ) (ਦੁਲਾਂ ੈ) (ਹੋੜਾ ੋ) (ਕਨੌੜਾ ੌ) ਸੱਤ ਲਗਾਂ ਦੀਰਘ, ਲੰਬੀਆਂ ਹਨ। ਇਨ੍ਹਾਂ ਨੂੰ ਦੀਰਘ ਜਾਣ ਕੇ ਲੰਮੀਆਂ ਹੀ ਬੋਲਣੀਆਂ।

ਸੋ ਮੁਕਤੇ ਸਿਹਾਰੀ ਔਂਕੜ ਦੀ ਅਵਾਜ਼ ਲੰਮੀ ਨਹੀਂ ਬੋਲਣੀ। ਜੇਕਰ ਪਾਠਕ ਜੀ ਨੂੰ (ਦੀਰਘ) ਲੰਮੀ ਭਾਵ ਵੱਡੀ, (ਲਘੂ) ਛੋਟੀ ਲਗ ਬਾਰੇ ਪਤਾ ਹੀ ਨਹੀਂ, ਤਾਂ ਉਹ ਛੋਟੀ ਲਗ ਨੂੰ ਲੰਬੀ, ਲੰਬੀ ਨੂੰ ਛੋਟੀ ਬੋਲੇਗਾ। ਸੰਥਾ ਸ਼ੁੱਧੀ ਤੋਂ ਬਿਨਾ ਉਸ ਦੀਆਂ ਬੇਅੰਤ ਹੀ ਗ਼ਲਤੀਆਂ ਹੋਣਗੀਆਂ। ਜਿੱਥੇ ਦੀਰਘ ਤੋਂ ਬਾਅਦ ਲਘੂ ਆਉਂਦਾ ਹੈ। ਉੱਥੇ (ਦੀਰਘ) ਲੰਮੀ, (ਲਘੂ) ਛੋਟੀ ਬੋਲਣੀ। ਜਿਵੇਂ ਦੇਹ, ਖੇਹ ਲਾਂ ਦੀਰਘ ਬੋਲ ਕੇ, ਹਾਹਾ ਮੁਕਤਾ ਸੰਕੋਚ ਕੇ ਹੀ ਬੋਲਣਾ। ਦੇਹ ਖੇਹ ਦੇ ਹਾਹਿਆਂ ਨੂੰ ਸਿਹਾਰੀ ਲਾ ਕੇ ਨਹੀਂ ਬੋਲਣਾ। ਜਿਵੇਂ (ਗਾਹ) ਗੱਗੇ ਦਾ ਕੰਨਾ ਲੰਮਾ ਬੋਲ ਕੇ ਹਾਹਾ ਮੁਕਤਾ ਬੋਲੋ, ਹਾਹੇ ਨੂੰ ਕੰਨਾ ਨਹੀਂ ਲਾਉਣਾ (ਕੰਨਾ ਾ) (ਬਿਹਾਰੀ ੀ) (ਦੁਲੈਂਕੜੇ ੂ) (ਲਾਂ ੱ) (ਦੁਲਾਂ ੈ) (ਹੋੜਾ ੋ) (ਕਨੌੜਾ ੌ) ਸੱਤ ਲਗਾਂ 'ਚੋਂ ਕੋਈ ਭੀ ਲਗ, ਜਿਸ ਅੱਖਰ ਨੂੰ ਲੱਗੀ ਹੋਵੇ, ਉਸ ਅੱਖਰ ਤੋਂ ਬਾਅਦ ਉਸ ਅੱਖਰ ਦੇ ਸੱਜੇ ਪਾਸੇ, ਮੁਕਤਾ ਸਿਹਾਰੀ ਜਾਂ ਔਂਕੜ ਕੋਈ ਭੀ ਲਘੂ ਲਗ ਆਵੇ, ਉਸ ਨੂੰ ਸੰਕੋਚ ਕੇ ਹੀ ਬੋਲਣਾ, ਪਹਿਲੀ ਦੀਰਘ ਲਗ ਲੰਮੀ ਬੋਲਣੀ। ਜਿਵੇਂ ਸਾਹ, ਸੱਸੇ ਨੂੰ ਕੰਨਾ ਹੈ। (ਕੰਨੇ ਾ) ਦੇ ਸੱਜੇ ਪਾਸੇ ਹਾਹਾ ਮੁਕਤਾ

Sri Satguru Jagjit Singh Ji eLibrary NamdhariElibrary@gmail.com

ਹੈ। ਸੱਸੇ ਦਾ ਕੰਨਾ ਲੰਮਾ ਬੋਲ ਕੇ, ਹਾਹਾ ਮੁਕਤਾ ਬੋਲੋ, ਹਾਹੇ ਨੂੰ ਕੰਨਾ ਨਹੀਂ ਲਾਉਣਾ ਚਾਹੀਦਾ ਜੀ। ਸਾਹਿ, ਸੱਸੇ ਨੂੰ ਕੰਨਾ ਹੈ। (ਕੰਨੇ ਾ) ਦੇ ਸੱਜੇ ਪਾਸੇ ਹਾਹੇ ਨੂੰ ਸਿਹਾਰੀ ਹੈ। ਸੱਸੇ ਦਾ ਕੰਨਾ ਲੰਮਾ ਬੋਲ ਕੇ, ਹਾਹੇ ਨੂੰ ਸਿਹਾਰੀ ਸੰਕੋਚ ਕੇ ਹੀ ਬੋਲਣੀ, ਲੰਬੀ ਨਹੀਂ ਬੋਲਣੀ, ਲੰਬੀ ਬੋਲਣ ਨਾਲ ਲਾਂ ਦੀ ਅਵਾਜ਼ ਆਵੇਗੀ। ਕਈ ਪ੍ਰੇਮੀਆਂ ਨੂੰ ਤਾਂ ਇਹ ਆਦਤ ਹੀ ਪੱਕ ਚੁੱਕੀ ਹੈ ਕਿ ਉਹ ਦੁਲਾਵਾਂ ਨੂੰ ਲਾਂ ਹੀ ਬੋਲਦੇ ਹਨ। ਇਹ ਗ਼ਲਤੀ ਬਹੁਤ ਹੀ ਜ਼ਿਆਦਾ ਹੈ, ਇਸ ਨੂੰ ਠੀਕ ਕਰਨ ਲਈ ਐ ਸੈ ਹੈ। ਕੈ ਖੈ ਗੈ ਘੈ ਙੈ। ਚੈ ਛੈ ਜੈ ਝੈ ਞੈ। ਟੈ ਠੈ ਡੈ ਢੈ ਣੈ। ਤੈ ਥੈ ਦੈ ਧੈ ਨੈ। ਪੈ ਫੈ ਬੈ ਭੈ ਮੈ। ਯੈ ਰੈ ਲੈ ਵੈ ੜੈ। ਆਪਣੇ ਟੀਚਰ ਨੂੰ ਸੁਣਾਉ, ਸ਼ੁੱਧ ਬੋਲ ੨ ਕੇ ਬਾਰ ੨ ਅਭਿਆਸ ਕਰਕੇ ਪੂਰਨ ਸ਼ੁੱਧੀ ਕਰਕੇ ਧਿਆਨ ਨਾਲ ਦੁਲਾਵਾਂ ਲਾਉ। ਜੇ ਕਿਸੇ ਨੂੰ ਲਾਂ ਦੀ ਥਾਂ, ਦੁਲਾਂ ਬੋਲਣ ਦੀ ਪੱਕੀ ਆਦਤ ਹੋਵੇ, ਉਹ ਭੀ ਹੇਠਾਂ ਲਿਖੀ ਕੇਵਲ ਲਾਂ ਨੂੰ ਬਾਰ ੨ ਪਕਾਵੇ, ਜਿਸ ਕਰਕੇ ਲਾਂ ਮੂੰਹ.'ਤੇ ਚੜ੍ ਜਾਵੇ, ਭਾਵੇਂ ਹਜ਼ਾਰ ਵਾਰੀ ਬੋਲ ਲਵੇ ਤਾਂ ਭੀ ਥੋੜ੍ਹੀ ਹੈ। ਏ ਸੇ ਹੇ। ਕੇ ਖੇ ਗੇ ਘੇ ਙੇ। ਚੇ ਛੇ ਜੇ ਝੇ ਞੇ। ਟੇ ਠੇ ਡੇ ਢੇ ਣੇ। ਤੇ ਥੇ ਦੇ ਧੇ ਨੇ। ਪੇ ਫੇ ਬੇ ਭੇ ਮੇ। ਯੇ ਰੇ ਲੇ ਵੇ ੜੇ। ਤੱਕ ਆਪਣੇ ਉਸਤਾਦ ਨੂੰ ਸੁਣਾਵੇ, ਬਾਰ ੨ ਸੁਣਾ ਕੇ ਅਭਿਆਸ ਕਰਕੇ ਗ਼ਲਤੀ ਦੀ ਸੋਧ ਵਿਸ਼ੇਸ਼ ਧਿਆਨ ਨਾਲ ਕਰੇ, ਤਾਂ ਹੀ ਪਰਮਪਵਿੱਤ੍ਰ ਪਰਮਪੂਜਨੀਕ ਗੁਰਬਾਣੀ ਸਾਹਿਬ ਜੀ ਦਾ ਪੂਰਨ ਅਦਬ ਸਤਿਕਾਰ ਸੱਚਾ ਪਿਆਰ ਹੈ ਜੀ। ਜੇ ਕੋਈ ਪ੍ਰੇਮੀ ਪੱਪੇ ਨੂੰ ਫੱਫਾ ਬੋਲੇ ਤਾਂ ਪੱਪੇ ਦੀ ਮੁਹਾਰਨੀ ਬੋਲ ਕੇ ਪੱਪਾ ਮੂੰਹ ਤੇ ਚਾੜ੍ਹੇ। ਜਿਹੜਾ ਅੱਖਰ ਗ਼ਲਤ ਹੋਵੇ, ਉਸ ਦੀ ਮੁਹਾਰਨੀ ਬੋਲ ਕੇ ਸ਼ੁੱਧ ਪਕਾਉਣਾ। ਕ ਵ ਣ ਨ ਦੀਆਂ ਸ਼ੁੱਧ ਅਵਾਜ਼ਾਂ ਪਕਾਉ। ਕ ਕੱਕਾ ਉਚਾਰਨ ਕੰਠ, ਨੱਕ ਤੋਂ ਹੁੰਦਾ ਹੈ, ਵ ਵੱਵਾ, ਤਾਲੂ ਤੇ ਨੱਕ ਤੋਂ ਉਚਾਰੋ, ਣ ਣਾਣਾ, ਮੂੰਹ ਦੀ ਛੱਤ ਤੇ ਨਾਸਿਕਾਂ ਤੋਂ ਉਚਾਰੋ, ਨ ਨੰਨਾ, ਜੀਭ ਤਾਲੂ, ਨੱਕ ਦੁਆਰਾ ਉਚਾਰੋ।

੧੩ ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ; ਸਰਬ ਜੀਆ ਕਾ ਦਾਤਾ ਰੇ॥ ਸਤਿਗੁਰੂ ਗ੍ਰੰਥ ਸਾਹਿਬ ਜੀ ਤੋਂ, ਅਪਣੇ ਦਿਮਾਗ਼ 'ਚ, ਹਰ ਸਮੇਂ ਗੁਰਬਾਣੀ ਅਤੇ ਦਿਲ 'ਚੋਂ ਮੁਖ 'ਚ ਅੰਮ੍ਰਿਤ ਦੀ ਪ੍ਰਾਪਤੀ ਲਈ, ਸੰਖੇਪ ਪ੍ਰੇਮ ਬੇਨਤੀ ਜੁਗਤੀ. ਪੂਰਨ ਪ੍ਰੇਮ ਨਾਲ ਮੰਨੋ ਜੀ:- ਬ੍ਰਹਮਵਿੱਦਿਆ ਦੇ ਦਾਤੇ, ਸ਼ਾਗਿਰਦ, ਗੁਰਸਿੱਖ ਪ੍ਰਵਾਰ ਆਪੋ ਵਿੱਚੀਂ ਦਿਲ ਕਰਕੇ ਮਿਲਤ ਕਰਨ, ਦ੍ਰਿਸ਼ਟਾਂਤ ਵਜੋਂ- ਬਿਨਾ ਸੰਤੋਖ; ਨਹੀ ਕੋਊ ਰਾਜੈ॥ ਸੁਪਨ ਮਨੋਰਥ; ਬ੍ਰਿਥੇ ਸਭ ਕਾਜੈ॥} {ਜਿਸ ਨੂੰ ਸਤਿਗੁਰੂ ਸਾਹਿਬ ਜੀ ਸੰਤੋਖ ਬਖ਼ਸ਼ਣ, ਉਹ ਹੀ ਗੁਰਮੁਖਿ ਜੀ ਰੱਜਦੇ ਹਨ। ਸਤਿਗੁਰਾਂ ਦੇ ਬਖ਼ਸ਼ੇ ਸੰਤੋਖ ਤੋਂ ਬਿਨਾ, ਇੰਦ੍ਰਿਆਂ ਦੇ ਭੋਗਾਂ ਮਾਇਆ ਪਦਾਰਥਾਂ ਕਰਕੇ, ਜਿਉਂ ਕੇ (ਕੋਊ) ਕੋਈ ਭੀ (ਰਾਜੈ) ਰੱਜਦਾ ਨਹੀ। ਯਥਾ:- ਅਖੀ.ਵੇਖਿ ਨ ਰਜੀਆ; ਬਹੁ ਰੰਗ ਤਮਾਸੇ। ਉਸਤਤਿ ਨਿੰਦਾ ਕੰਨਿ ਸੁਣਿ; ਰੋਵਣਿ ਤੈ ਹਾਸੇ। ਸਾਦੀ.ਜੀਭ ਨ ਰਜੀਆ; ਕਰਿ ਭੋਗ ਬਿਲਾਸੇ। ਨਕ ਨ ਰਜਾ.ਵਾਸੁ ਲੈ; ਦੁਰਗੰਧ ਸੁਵਾਸੇ। ਰਜਿ.ਨ ਕੋਈ ਜੀਵਿਆ; ਕੂੜੇ ਭਰਵਾਸੇ। ਪੀਰ ਮੁਰੀਦਾਂ ਪਿਰਹੜੀ; ਸਚੀ ਰਹਰਾਸੇ॥ ਜਿਵੇਂ ਸੁਪਨ ਅਵਸਥਾ ਦੇ (ਕਾਜੈ) ਕੰਮ (ਮਨੋਰਥ) ਕਾਮਨਾਵਾਂ ਸੰਕਲਪ ਵਿਕਲਪ ਸਭ (ਬ੍ਰਿਥੇ) ਨਿਕੰਮੇ, ਬਿਅਰਥ ਹੁੰਦੇ ਹਨ, ਤਿਵੇਂ ਗੁਰ ਸੇਵਾ ਪ੍ਰੇਮਾ-ਭਗਤੀ ਨਾਮ ਸਿਮਰਨ ਪਰਉਪਕਾਰ ਤੋਂ ਬਿਨਾ, ਰਾਜ ਭਾਗ ਵਿਸ਼ੇ ਰਸ ਨਸ਼ੇ ਸੁਆਦ ਆਦਿ ਸਭ ਬਿਅਰਥ, ਸਾਡੇ ਵੈਰੀ ਹਨ। ਜਿਵੇਂ ੨ ਇਨ੍ਹਾਂ'ਚ ਲੱਗਦਾ ਹੈ, ਤਿਵੇਂ ੨ ਭੁੱਖ ਵਧਦੀ ਹੀ ਵਧਦੀ ਜਾਂਦੀ ਹੈ, ਕੇਤੇ; ਖਪਿ ਤੁਟਹਿ ਵੇਕਾਰ॥ ਅਨੁਸਾਰ ਖਪ ੨ ਕੇ ਟੁੱਟ ਜਾਂਦਾ ਹੈ। ਯਥਾ:-ਰਾਜੇ ਇੰਦ੍ਰ ਸਮਸਰਿ.ਗ੍ਰਿਹ ਆਸਨ; ਬਿਨੁ ਹਰਿ ਭਗਤਿ.ਕਹਹੁ ਕਿਹ ਲੇਖੈ॥) ਗੋਬਿਦ ਭਜਨ ਬਿਨੁ; ਬ੍ਰਿਥੇ ਸਭ ਕਾਮ॥ ਜਿਉ ਕਿਰਪਨ ਕੇ; ਨਿਰਾਰਥ ਦਾਮ॥) ਜਿਉ ਸੁਪਨੈ; ਹੋਇ ਬੈਸਤ ਰਾਜਾ॥

Sri Satguru Jagjit Singh Ji eLibrary NamdhariElibrary@gmail.com

